TOURIST VISA USA CANADA
SCHENGEN/ UK AUSTRALIA/ NZ
263 VISA
ਫਰਵਰੀ 2025 ਮਹੀਨੇ ਵਿਚ ਲੱਗੇ
easyvisa
8195 828282

ਸੱਚ ਤੇ ਨਿਡਰ ਆਵਾਜ਼
ਰੋਜ਼ਾਨਾ
# ਲੋਕ ਬਾਣੀ
DAILY LOKBANI JALANDHAR
ਮੁੱਖ ਸੰਪਾਦਕ : ਅਮਨਦੀਪ ਮਹਿਰਾ
ਸ਼ੁੱਕਰਵਾਰ 16 ਮਈ 2025
Email:- lokbani08@gmail.com

ਰੋਜ਼ਾਨਾ ਲੋਕ ਬਾਣੀ ਨੂੰ ਪੱਤਰਕਾਰਾਂ ਦੀ ਲੋੜ
99155-94111

R. N. I. Punpun/29016/2008 * ਸਾਲ 16 , * ਅੰਕ : 299 * ਮੁੱਲ : 6 ਰੁਪਏ * ਕੁੱਲ ਪੇਜ: 10 * ਦਫਤਰ : 0181-2211009 * M : 99155-94111

ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ
ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

## ਟਰੰਪ ਨੂੰ ਭਾਰਤ ਵਿੱਚ ਐਪਲ ਦੇ ਵਿਸਥਾਰ 'ਤੇ ਇਤਰਾਜ਼



ਦੋਹਾ, ਲੋਕ ਬਾਣੀ -ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਤਰ ਦੀ ਰਾਜਧਾਨੀ ਦੋਹਾ ਵਿੱਚ ਵਪਾਰਕ ਗੋਲਮੇਜ਼ ਸਮਾਗਮ ਦੌਰਾਨ ਭਾਰਤ ਵਿਚ ਐਪਲ ਦੇ ਵਧਦੇ ਉਤਪਾਦਨ 'ਤੇ ਇਤਰਾਜ਼ ਜਤਾਇਆ ਹੈ। ਟਰੰਪ ਨੇ ਕਿਹਾ ਕਿ ਉਨ੍ਹਾਂ ਨੇ ਐਪਲ ਦੇ ਸੀਈਓ ਟਿਮ ਕੁੱਕ ਨੂੰ ਸਪਸ਼ਟ ਸ਼ਬਦਾਂ ਵਿਚ ਕਿਹਾ ਕਿ ਉਹ ਭਾਰਤ ਵਿਚ ਆਪਣੇ ਨਿਰਮਾਣ ਕਾਰਜਾਂ ਦਾ ਵਿਸਥਾਰ ਨਾ ਕਰਨ, ਇਸ ਨਾਲ ਅਮਰੀਕਾ ਵਿਚ ਨੌਕਰੀਆਂ 'ਤੇ ਅਸਰ ਪਵੇਗਾ।

## ਸ੍ਰੀਨਗਰ 'ਚ ਫਰੀਦਕੋਟ ਦਾ ਅਗਨੀਵੀਰ ਅਕਾਸ਼ਦੀਪ ਸਿੰਘ ਸ਼ਹੀਦ



ਕੋਟਕਪੂਰਾ, ਲੋਕ ਬਾਣੀ- ਜ਼ਿਲ੍ਹੇ ਦੇ ਪਿੰਡ ਚਾਹਿਲ ਨਾਲ ਸਬੰਧਤ ਅਗਨੀਵੀਰ ਅਕਾਸ਼ਦੀਪ ਸਿੰਘ ਦੇ ਸ੍ਰੀਨਗਰ ਵਿੱਚ ਗੋਲੀ ਲੱਗਣ ਕਰਕੇ ਸ਼ਹੀਦ ਹੋ ਗਿਆ। ਇਸ ਖਬਰ ਨਾਲ ਇਲਾਕੇ ਵਿੱਚ ਸੋਗ ਦੀ ਲਹਿਰ ਹੈ ਅਤੇ ਅੱਜ ਸਵੇਰੇ ਤੋਂ ਹੀ ਇਲਾਕੇ ਭਰ ਦੇ ਪਤਵੰਤੇ ਸ਼ਹੀਦ ਦੇ ਪਿਤਾ ਬਲਵਿੰਦਰ ਸਿੰਘ ਨਾਲ ਦੁੱਖ ਪ੍ਰਗਟਾਉਣ ਲਈ ਪਹੁੰਚ ਰਹੇ ਹਨ।ਰਿਵਾਰ ਅਨੁਸਾਰ ਅਕਾਸ਼ਦੀਪ ਦੀ ਲਾਸ਼ ਸ਼ੁੱਕਰਵਾਰ ਤੱਕ ਪਿੰਡ ਪਹੁੰਚੇਗੀ।ਅਕਾਸ਼ਦੀਪ ਜ਼ਿਲ੍ਹੇ ਨਾਲ ਸਬੰਧਿਤ ਪਹਿਲਾਂ ਅਗਨੀਵੀਰ ਸ਼ਹੀਦ ਹੈ।

## ਭਾਰਤ 'ਚ ਐਪਲ ਨਿਵੇਸ਼ ਯੋਜਨਾਵਾਂ ਬਰਕਰਾਰ



ਨਵੀਂ ਦਿੱਲੀ ਲੋਕ ਬਾਣੀ ਆਈਫੋਨ ਨਿਰਮਾਤਾ ਐਪਲ ਦੀਆਂ ਭਾਰਤ ਲਈ ਨਿਵੇਸ਼ ਯੋਜਨਾਵਾਂ ਬਰਕਰਾਰ ਹਨ। ਇਹ ਦਾਅਵਾ ਸਰਕਾਰੀ ਸੂਤਰਾਂ ਨੇ ਕਰਦਿਆਂ ਕਿਹਾ ਕਿ ਕੰਪਨੀ ਦੇਸ਼ ਵਿੱਚ ਆਪਣੇ ਉਤਪਾਦਾਂ ਲਈ ਇੱਕ ਵੱਡਾ ਨਿਰਮਾਣ ਆਧਾਰ ਬਣਾਉਣ ਦਾ ਪ੍ਰਸਤਾਵ ਰੱਖਦੀ ਹੈ।

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਇੱਕ ਬਿਆਨ ਤੋਂ ਬਾਅਦ ਕਿ ਉਨ੍ਹਾਂ ਐਪਲ ਦੇ ਸੀਈਓ ਟਿਮ ਕੁੱਕ ਨੂੰ ਭਾਰਤ ਵਿੱਚ ਨਿਰਮਾਣ ਕਿਹਾ ਹੈ, ਭਾਰਤੀ ਅਧਿਕਾਰੀਆਂ ਨੇ Cupertino-based firm ਦੇ ਕਾਰਜਕਾਰੀ ਅਧਿਕਾਰੀਆਂ ਨਾਲ ਗੱਲ ਕੀਤੀ।ਐਪਲ ਦੇ ਕਾਰਜਕਾਰੀ ਅਧਿਕਾਰੀਆਂ ਨੇ ਭਾਰਤ ਸਰਕਾਰ ਦੇ ਅਧਿਕਾਰੀਆਂ ਨੂੰ ਭਰੋਸਾ ਦਿੱਤਾ

## BCAS ਵੱਲੋਂ ਤੁਰਕੀ ਫਰਮ ਸੇਲੇਬੀ ਏਅਰਪੋਰਟ ਸਰਵਿਸਿਜ਼ ਇੰਡੀਆ ਲਈ ਕਲੀਅਰੈਂਸ ਰੱਦ



ਨਵੀਂ ਦਿੱਲੀ, ਲੋਕ ਬਾਣੀ- ਹਵਾਬਾਜ਼ੀ ਨਿਗਰਾਨ ਬੀਸੀਏਐੱਸ ਨੇ ਅੱਜ 'ਰਾਸ਼ਟਰੀ ਸੁਰੱਖਿਆ ਦੇ ਹਿੱਤ' ਤਹਿਤ ਤੁਰਕੀ ਦੀ ਗਰਾਊਂਡ ਹੈਂਡਲਿੰਗ ਕੰਪਨੀ Celebi Airport Services India Pvt Ltd ਲਈ ਸੁਰੱਖਿਆ ਕਲੀਅਰੈਂਸ ਰੱਦ ਕਰ ਦਿੱਤੀ ਹੈ।

ਇਹ ਫੈਸਲਾ ਤੁਰਕੀ ਵੱਲੋਂ ਇਸਲਾਮਾਬਾਦ ਦਾ ਸਮਰਥਨ ਕਰਨ ਅਤੇ ਪਾਕਿਸਤਾਨ ਵਿੱਚ ਅਤਿਵਾਦੀ ਕੈਂਪਾਂ 'ਤੇ ਭਾਰਤ ਦੇ ਹਾਲੀਆ ਹਮਲਿਆਂ ਦੀ ਨਿੰਦਾ ਕਰਨ ਤੋਂ ਕੁਝ ਦਿਨ ਬਾਅਦ ਆਇਆ। ਸੇਲੇਬੀ ਏਅਰਪੋਰਟ ਸਰਵਿਸਿਜ਼ ਇੰਡੀਆ, ਜੋ ਕਿ ਤੁਰਕੀ-ਆਧਾਰਿਤ ਸੇਲੇਬੀ ਦਾ ਹਿੱਸਾ ਹੈ,

## ਭਾਰਤ-ਪਾਕਿਸਤਾਨ ਫਿਲਹਾਲ ਸ਼ਾਂਤੀ ਬਣਾਈ ਰੱਖਣ 'ਤੇ ਸਹਿਮਤ



ਅਜੈ ਬੈਨਰਜੀਨਵੀਂ, ਲੋਕ ਬਾਣੀ: ਭਾਰਤ ਅਤੇ ਪਾਕਿਸਤਾਨ ਦੋਵਾਂ ਦੇਸ਼ਾਂ ਵਿਚਾਲੇ ਗੋਲੀਬੰਦੀ 'ਤੇ ਹੋਈ ਰਜ਼ਾਮੰਦੀ ਬਰਕਰਾਰ ਰੱਖਣ 'ਤੇ ਸਹਿਮਤ ਹੋਏ ਹਨ, ਜਿਸ ਵਿੱਚ ਫ਼ੌਜਾਂ ਦੇ ਚੌਕਸੀ ਪੱਧਰ ਨੂੰ ਘਟਾਉਣਾ ਵੀ ਸ਼ਾਮਲ ਹੈ।

ਭਾਰਤੀ ਫ਼ੌਜ ਨੇ ਅੱਜ ਇੱਥੇ ਕਿਹਾ ਕਿ 10 ਮਈ ਨੂੰ ਦੋਵਾਂ ਦੇਸ਼ਾਂ ਦੇ ਡਾਇਰੈਕਟਰ ਜਨਰਲ ਆਫ ਮਿਲਟਰੀ ਅਪਰੇਸ਼ਨਜ਼ (ਡੀਜੀਐੱਮਓ) ਵਿਚਕਾਰ ਹੋਈ ਸਹਿਮਤੀ ਅਨੁਸਾਰ 'ਤਣਾਅ ਘਟਾਉਣ ਲਈ ਭਰੋਸੇਯੋਗਤਾ ਕਾਇਮ ਰੱਖਣ ਦਾ ਫ਼ੈਸਲਾ ਲਿਆ ਗਿਆ ਹੈ।'10 ਮਈ ਨੂੰ ਪਾਕਿਸਤਾਨੀ ਡੀਜੀਐੱਮਓ ਮੇਜਰ ਜਨਰਲ ਕਾਸ਼ਿਫ਼ ਅਬਦੁੱਲਾ ਨੇ ਭਾਰਤੀ ਡੀਜੀਐੱਮਓ ਜਨਰਲ ਰਾਜੀਵ ਘਈ ਨੂੰ ਫੋਨ ਕੀਤਾ ਸੀ ਅਤੇ 'ਜੰਗ ਨੂੰ ਰੋਕਣ' ਦਾ ਪ੍ਰਸਤਾਵ ਰੱਖਿਆ ਸੀ।

## ਪਰਮਾਣੂ ਹਥਿਆਰਾਂ ਦੀ ਨਿਗਰਾਨੀ ਹੋਵੇ: ਰਾਜਨਾਥ



ਸ੍ਰੀਨਗਰ, ਲੋਕ ਬਾਣੀ-ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਅੱਜ ਪਾਕਿਸਤਾਨ ਦੇ ਹੱਥਾਂ 'ਚ ਪਰਮਾਣੂ ਹਥਿਆਰਾਂ ਦੀ ਸੁਰੱਖਿਆ ਨੂੰ ਲੈ ਕੇ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਇਨ੍ਹਾਂ ਹਥਿਆਰਾਂ ਨੂੰ ਕੌਮਾਂਤਰੀ ਪਰਮਾਣੂ ਊਰਜਾ ਏਜੰਸੀ (ਆਈਏਈਏ) ਦੀ ਨਿਗਰਾਨੀ ਹੇਠ ਲਿਆਉਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਗੁਆਂਢੀ ਮੁਲਕ ਨਾਲ ਗੱਲਬਾਤ ਸਿਰਫ਼ ਅਤਿਵਾਦ ਤੇ ਮਕਬੂਜ਼ਾ ਕਸ਼ਮੀਰ ਦੇ ਮੁੱਦੇ 'ਤੇ ਹੀ ਹੋਵੇਗੀ। ਰੱਖਿਆ ਮੰਤਰੀ ਨੇ ਇਹ ਟਿੱਪਣੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਉਸ ਬਿਆਨ ਤੋਂ ਕੁਝ ਦਿਨ ਬਾਅਦ ਕੀਤੀ ਹੈ ਜਿਸ 'ਚ ਉਨ੍ਹਾਂ ਕਿਹਾ ਸੀ ਕਿ ਪਾਕਿਸਤਾਨ ਵੱਲੋਂ ਕੀਤੇ ਜਾਣ ਵਾਲੇ 'ਨਿਊਕਲੀਅਰ ਬਲੈਕਮੇਲ' ਨੂੰ ਭਾਰਤ ਸਹਿਣ ਨਹੀਂ ਕਰੇਗਾ ਅਤੇ ਸਰਹੱਦ ਪਾਰੋਂ ਹੋਣ ਵਾਲੇ ਅਤਿਵਾਦ ਦਾ ਕਰਾਰਾ ਜਵਾਬ ਦਿੱਤਾ ਜਾਵੇਗਾ।

## ਸੰਗਰੂਰ ਜੇਲ੍ਹ ਦਾ ਡੀਐੱਸਪੀ ਗ੍ਰਿਫ਼ਤਾਰ



ਸੰਗਰੂਰ, ਲੋਕ ਬਾਣੀ -ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਦੌਰਾਨ ਸੰਗਰੂਰ ਪੁਲੀਸ ਨੇ ਜੇਲ੍ਹ ਅੰਦਰ ਚੱਲ ਰਹੇ ਨਸ਼ਾ ਤਸਕਰੀ ਦੇ ਧੰਦੇ ਦਾ ਪਰਦਾਫਾਸ਼ ਕਰ ਕੇ ਇਸ ਕੇਸ ਵਿੱਚ ਜ਼ਿਲ੍ਹਾ ਜੇਲ੍ਹ ਸੰਗਰੂਰ ਦੇ ਡੀਐੱਸਪੀ (ਸੁਰੱਖਿਆ) ਗੁਰਪ੍ਰੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਜਦੋਂ ਕਿ ਜੇਲ੍ਹ ਦਾ ਇਕ ਦਰਜਾ-4 ਮੁਲਾਜ਼ਮ ਪਹਿਲਾਂ ਹੀ ਪੁਲੀਸ ਦੀ ਗ੍ਰਿਫ਼ਤ ਵਿੱਚ ਹੈ। ਇਸ ਕੇਸ ਵਿੱਚ ਹੁਣ ਤੱਕ 19 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਿਆ ਹੈ। ਇੱਥੇ ਅੱਜ ਸੱਦੀ ਪ੍ਰੈੱਸ ਕਾਨਫ਼ਰੰਸ ਨੂੰ ਐੱਸਐੱਸਪੀ ਸੰਗਰੂਰ ਸਰਤਾਜ ਸਿੰਘ ਚਾਹਲ ਨੇ ਦੱਸਿਆ ਕਿ ਪੁਲੀਸ ਵੱਲੋਂ ਸੰਗਰੂਰ ਜੇਲ੍ਹ 'ਚ ਮਾਰੇ ਗਏ ਛਾਪਿਆਂ ਦੌਰਾਨ 12 ਮੋਬਾਈਲ ਫੋਨ, 50 ਗ੍ਰਾਮ ਅਫ਼ੀਮ, 12 ਗ੍ਰਾਮ ਹੈਰੋਇਨ ਅਤੇ ਹੋਰ ਨਸ਼ੀਲੇ ਪਦਾਰਥ ਬਰਾਮਦ ਹੋਏ ਸਨ।

## ਪਾਕਿਸਤਾਨ ਨਾਲ ਸਾਡੇ ਸਬੰਧੀ ਪੂਰੀ ਤਰ੍ਹਾਂ ਦੁਵੱਲੇ ਹੋਣਗੇ: ਜੈਸ਼ੰਕਰ



ਨਵੀਂ ਦਿੱਲੀ, ਲੋਕ ਬਾਣੀ- ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਅੱਜ ਇੱਥੇ ਕਿਹਾ ਕਿ ਪਾਕਿਸਤਾਨ ਨਾਲ ਭਾਰਤ ਦੇ ਸਬੰਧ ਅਤੇ ਵਪਾਰ 'ਪੂਰੀ ਤਰ੍ਹਾਂ ਦੁੱਵਲਾ' ਰਹੇਗਾ ਅਤੇ ਇਸ ਸਬੰਧੀ ਕਈ ਸਾਲਾਂ ਤੋਂ ਕੌਮੀ ਸਹਿਮਤੀ ਬਣੀ ਹੋਈ ਹੈ ਅਤੇ ਇਸ 'ਚ 'ਕਦੇ ਕੋਈ ਬਦਲਾਅ ਨਹੀਂ' ਹੋਵੇਗਾ।

ਜੈਸ਼ੰਕਰ ਨੇ ਇੱਥੇ ਇੱਕ ਪ੍ਰੋਗਰਾਮ ਦੌਰਾਨ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਨੇ ਪਹਿਲਗਾਮ ਹਮਲੇ ਦੇ ਦੋਸ਼ੀਆਂ ਨੂੰ ਜਵਾਬਦੇਹ ਠਹਿਰਾਉਣ ਦੀ ਲੋੜ 'ਤੇ ਜ਼ੋਰ ਦਿੱਤਾ ਸੀ ਅਤੇ ਸੱਤ ਮਈ ਦੀ ਸਵੇਰੇ "ਅਸੀਂ ਅਪਰੇਸ਼ਨ ਸਿੰਧੂਰ ਜ਼ਰੀਏ ਉਨ੍ਹਾਂ ਨੂੰ ਜਵਾਬਦੇਹ ਠਹਿਰਾਇਆ।"

## ਮੋਗਾ ਪੁਲੀਸ ਵੱਲੋਂ 1,200 ਲੀਟਰ ਲਾਹਣ ਸਮੇਤ 3 ਗ੍ਰਿਫ਼ਤਾਰ



ਮੋਗਾ, ਲੋਕ ਬਾਣੀ-- ਅੰਮ੍ਰਿਤਸਰ ਵਿਚ ਵਾਪਰੇ ਹੂਚ ਦੁਖਾਂਤ ਦੇ ਮੱਦੇਨਜ਼ਰ ਮੋਗਾ ਪੁਲੀਸ ਨੇ ਨਾਜਾਇਜ਼ ਸ਼ਰਾਬ ਕੱਢਣ ਅਤੇ ਵਿਕਰੀ ਵਿਰੁੱਧ ਆਪਣੀ ਮੁਹਿੰਮ ਤੇਜ਼ ਕਰ ਦਿੱਤੀ ਹੈ। ਇਕ ਸਫਲ ਛਾਪੇਮਾਰੀ ਕਰਦਿਆਂ ਪੁਲੀਸ ਅਧਿਕਾਰੀਆਂ ਨੇ 1,200 ਲੀਟਰ ਲਾਹਣ ਜ਼ਬਤ ਕੀਤਾ ਹੈ। ਇਹ ਕਾਰਵਾਈ ਫਤਿਹਗੜ੍ਹ ਪੰਜਤੂਰ ਪੁਲੀਸ ਸਟੇਸ਼ਨ ਦੀ ਇਕ ਟੀਮ ਵੱਲੋਂ ਇੱਕ ਮੁਖਬਰ ਦੀ ਸੂਚਨਾ ਤੋਂ ਬਾਅਦ ਕੀਤੀ ਗਈ ਸੀ। ਪ੍ਰਾਪਤ ਜਾਣਕਾਰੀ ਅਨੁਸਾਰ ਸਤਲੁਜ ਦਰਿਆ ਦੇ ਕੰਢੇ ਨੇੜੇ ਪਿੰਡ ਸੰਘਿਆ ਅਤੇ ਬੋਘੇਵਾਲਾ ਦੇ ਕਈ ਵਿਅਕਤੀ ਨਾਜਾਇਜ਼ ਸ਼ਰਾਬ ਕੱਢਣ ਅਤੇ ਵਿਕਰੀ ਵਿੱਚ ਸ਼ਾਮਲ ਸਨ।

263 VISA
ਫਰਵਰੀ 2025 ਮਹੀਨੇ ਵਿਚ ਲੱਗੇ
TOURIST VISA
USA/ SCHENGEN
CANADA/ AUSTRALIA/ UK/ NZ
easyvisa
8195 828282
ਅਪਲਾਈ ਕਰਨ ਤੋਂ ਪਹਿਲਾਂ ਲੱਗੇ ਹੋਏ ਵੀਜ਼ਾ ਜ਼ਰੂਰ ਚੈਕ ਕਰੋ ਫਿਰ ਅਪਲਾਈ ਕਰੋ



# ਲੋਕ ਰੰਗ

Email:- lokbani08@gmail.com


ਲੋਕ ਬਾਣੀ
ਰੋਜ਼ਾਨਾ ਲੋਕ ਬਾਣੀ
www.lokbani.com






publisher
chief editor
Aman mehra
Lok bani (News paper)
Lokbani08@gmail.com
www Lokbani.com
Mob 9915594111

Head office :308 sangam complex milap chowk Jalandhar Punjab India 01812211009


# ਗਰਮੀਆਂ ਦੀ ਗਰਮੀ ਵਿੱਚ ਹੌਲੀ ਪਾਚਨ ਕਿਰਿਆ

ਵਿਜੈ ਗਰਗ

ਜਿਵੇਂ-ਜਿਵੇਂ ਗਰਮੀ ਵਧਦੀ ਹੈ, ਲੋਕ ਅਕਸਰ ਆਪਣੀ ਪਾਚਨ ਸ਼ਕਤੀ ਕਮਜ਼ੋਰ ਹੋਣ ਦੀ ਸ਼ਿਕਾਇਤ ਕਰਦੇ ਹਨ। ਪੇਟ ਦੀ ਅੱਗ ਦੇ ਹੌਲੀ ਹੋਣ ਦਾ ਮਤਲਬ ਹੈ ਕਿ ਭੋਜਨ ਸਹੀ ਢੰਗ ਨਾਲ ਪਚਦਾ ਨਹੀਂ ਹੈ। ਬਦਹਜ਼ਮੀ ਬਣੀ ਰਹਿੰਦੀ ਹੈ। ਇਸ ਤਰ੍ਹਾਂ, ਸਰੀਰ ਸੁਸਤ ਮਹਿਸੂਸ ਕਰਦਾ ਹੈ ਅਤੇ ਊਰਜਾ ਦੀ ਘਾਟ ਹੁੰਦੀ ਹੈ। ਜ਼ਾਹਿਰ ਹੈ, ਇਸ ਨਾਲ ਰੋਜ਼ਾਨਾ ਦੇ ਕੰਮ ਤੇ ਵੀ ਅਸਰ ਪੈਂਦਾ ਹੈ। ਇਸ ਲਈ, ਇਸ ਮੌਸਮ ਵਿੱਚ ਹਲਕਾ ਭੋਜਨ ਖਾਣ ਅਤੇ ਜ਼ਿਆਦਾ ਤਰਲ ਪਦਾਰਥਾਂ ਦਾ ਸੇਵਨ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਪਰ ਪੇਟ ਦੀ ਅੱਗ ਨੂੰ ਘੱਟ ਕਰਨਾ ਸਿਰਫ਼ ਖਾਣ-ਪੀਣ ਦੀਆਂ ਆਦਤਾਂ ਨਾਲ ਸਬੰਧਤ ਨਹੀਂ ਹੈ। ਇੱਕ ਵਾਰ ਜਦੋਂ ਪਾਚਨ ਪ੍ਰਣਾਲੀ ਕਮਜ਼ੋਰ ਹੋਣ ਲੱਗਦੀ ਹੈ, ਤਾਂ ਇਸਦੇ ਲੰਬੇ ਸਮੇਂ ਦੇ ਪ੍ਰਭਾਵ ਪੈਂਦੇ ਹਨ। ਮੌਸਮ ਬਦਲਣ ਤੋਂ ਬਾਅਦ ਵੀ ਇਹ ਸਹੀ ਢੰਗ ਨਾਲ ਕੰਮ ਨਹੀਂ ਕਰ ਪਾ ਰਿਹਾ। ਅਜਿਹੀ ਸਥਿਤੀ ਵਿੱਚ, ਖੁਰਾਕ ਸੰਬੰਧੀ ਸਾਵਧਾਨੀਆਂ ਵਰਤਣ ਦੇ ਨਾਲ-ਨਾਲ ਕੁਝ ਕਸਰਤ ਵੀ ਕਰਨੀ ਚਾਹੀਦੀ ਹੈ। ਅੱਗ-ਸਾਹ ਲੈਣ ਦੀਆਂ ਕਸਰਤਾਂ ਜਠਰਾਗਨੀ ਦਾ ਅਰਥ ਹੈ ਪੇਟ ਵਿੱਚ ਅੱਗ। ਉਹ ਅੱਗ ਜੋ ਭੋਜਨ ਨੂੰ ਹਜ਼ਮ ਕਰਨ ਲਈ ਜ਼ਰੂਰੀ ਹੈ। ਜੇਕਰ ਉਹੀ ਅੱਗ ਪੇਟ ਵਿੱਚ ਕਮਜ਼ੋਰ ਹੋ ਜਾਵੇ, ਤਾਂ ਭੋਜਨ ਠੀਕ ਤਰ੍ਹਾਂ ਪਚਦਾ ਨਹੀਂ ਅਤੇ ਸੜਦਾ ਰਹਿੰਦਾ ਹੈ। ਇਸ ਨਾਲ ਜ਼ਹਿਰੀਲੇ ਰਸਾਇਣ ਪੈਦਾ ਹੁੰਦੇ ਹਨ, ਐਸਿਡਿਟੀ ਦੀ ਸਮੱਸਿਆ ਹੋਰ ਡੂੰਘੀ ਹੋ ਜਾਂਦੀ ਹੈ ਅਤੇ ਕਈ ਬਿਮਾਰੀਆਂ ਨੂੰ ਜਨਮ ਦਿੰਦੀ ਹੈ। ਅਗਨੀਸਾਰ ਕਸਰਤ ਪੇਟ ਦੀ ਅੱਗ ਨੂੰ ਮਜ਼ਬੂਤ ਕਰਨ ਵਿੱਚ ਬਹੁਤ ਪ੍ਰਭਾਵਸ਼ਾਲੀ ਸਾਬਤ ਹੁੰਦੀ ਹੈ। ਸਵੇਰੇ ਖਾਲੀ ਪੇਟ ਵਜਰਾਸਨ ਵਿੱਚ ਬੈਠੋ। ਦੋਵੇਂ ਲੱਤਾਂ ਮੋੜੋ ਅਤੇ ਉਨ੍ਹਾਂ ਨੂੰ ਪਿੱਛੇ ਲੈ ਜਾਓ। ਆਪਣੀਆਂ ਹਥੇਲੀਆਂ ਨੂੰ ਆਪਣੇ ਗੋਡਿਆਂ ਤੇ ਰੱਖੋ ਅਤੇ ਹਲਕਾ ਜਿਹਾ ਦਬਾਅ ਪਾਓ। ਆਪਣਾ ਪੇਟ ਢਿੱਲਾ ਰੱਖੋ। ਸਾਹ ਰੋਕੋ। ਆਪਣਾ ਢਿੱਡ ਹਿਲਾਓ। ਜਿੰਨਾ ਚਿਰ ਹੋ ਸਕੇ ਆਪਣੇ ਪੇਟ ਨੂੰ ਹਿਲਾਓ ਅਤੇ ਸਾਹ ਰੋਕ ਕੇ ਰੱਖੋ। ਇਸ ਕਸਰਤ ਨੂੰ ਪੰਜ ਤੋਂ ਸੱਤ ਵਾਰ ਕਰੋ। ਇਸ ਤਰ੍ਹਾਂ ਪੇਟ ਦੀ ਅੱਗ ਵਧ ਜਾਂਦੀ ਹੈ। ਤੁਹਾਨੂੰ ਭੁੱਖ ਲੱਗਣ ਲੱਗਦੀ ਹੈ ਅਤੇ ਭੋਜਨ ਪਚਣਾ ਸ਼ੁਰੂ ਹੋ ਜਾਂਦਾ ਹੈ। ਹਲਕਾ ਅਤੇ ਆਸਾਨੀ ਨਾਲ ਪਚਣ ਵਾਲਾ ਭੋਜਨ ਗਰਮੀਆਂ ਦੇ ਮੌਸਮ ਵਿੱਚ, ਪੇਟ ਦੀ ਅੱਗ ਕੁਦਰਤੀ ਤੌਰ ਤੇ ਸੁਸਤ ਹੋ ਜਾਂਦੀ ਹੈ। ਇਸੇ ਕਰਕੇ ਤਲੇ ਹੋਏ ਅਤੇ ਮਸਾਲੇਦਾਰ ਭੋਜਨ ਨੂੰ ਹਜ਼ਮ ਕਰਨ ਵਿੱਚ ਮੁਸ਼ਕਲ ਆਉਂਦੀ ਹੈ। ਇਸ ਲਈ, ਅਜਿਹੇ ਪਕਵਾਨਾਂ ਤੋਂ ਬਚਣਾ ਹੀ ਬਿਹਤਰ ਹੈ। ਹਮੇਸ਼ਾ ਅਜਿਹੇ ਪਕਵਾਨ ਚੁਣੋ ਜੋ ਪਚਣ ਵਿੱਚ ਆਸਾਨ ਹੋਣ ਅਤੇ ਉਨ੍ਹਾਂ ਨੂੰ ਖਾਣ ਨਾਲ ਤੁਹਾਨੂੰ ਭਰਪੂਰ ਊਰਜਾ ਵੀ ਮਿਲਦੀ ਹੈ। ਪੁੰਗਰੇ ਹੋਏ ਦਾਲਾਂ ਅਤੇ ਅਨਾਜਾਂ ਨੂੰ ਭਾਫ਼ ਲੈ ਕੇ ਖਾਣਾ ਬਿਹਤਰ ਹੁੰਦਾ ਹੈ। ਇਸ ਮੌਸਮ ਵਿੱਚ ਦਲੀਆ (ਦਲੀਆ), ਖਿਚੜੀ, ਉਬਲੀਆਂ ਸਬਜ਼ੀਆਂ, ਇਡਲੀ, ਆਦਿ ਵਰਗੇ ਭੁੰਨੇ ਹੋਏ ਭੋਜਨ ਵਧੇਰੇ ਪਚਣਯੋਗ ਅਤੇ ਊਰਜਾ ਨਾਲ ਭਰਪੂਰ ਹੋ ਸਕਦੇ ਹਨ। ਤਰਲ ਪਦਾਰਥ ਪੀਓ: ਬਹੁਤ ਜ਼ਿਆਦਾ ਗਰਮੀ ਅਤੇ ਗਰਮ ਹਵਾ ਦੇ ਕਾਰਨ, ਸਰੀਰ ਦਾ ਪਾਣੀ ਜਲਦੀ ਸੁੱਕ ਜਾਂਦਾ ਹੈ। ਸਰੀਰ ਵਿੱਚ ਪਾਣੀ, ਨਮਕ ਅਤੇ ਖੰਡ ਦੀ ਸੰਤੁਲਿਤ ਮਾਤਰਾ ਹੋਣਾ ਬਹੁਤ ਜ਼ਰੂਰੀ ਹੈ। ਇਸ ਲਈ, ਇਸ ਮੌਸਮ ਵਿੱਚ ਤਰਲ ਪਦਾਰਥਾਂ ਦਾ ਸੇਵਨ ਕਰਨਾ ਵਧੇਰੇ ਉਚਿਤ ਹੈ। ਫਲਾਂ ਦਾ ਰਸ, ਤਰਬੂਜ, ਖਰਬੂਜਾ, ਖੀਰਾ ਇਸ ਵਿੱਚ ਵਧੇਰੇ ਮਦਦਗਾਰ ਹੁੰਦੇ ਹਨ। ਇਸ ਤੋਂ ਇਲਾਵਾ, ਛਾਛ, ਸੱਤੂ ਲੱਸੀ, ਦਲੀਆ - ਛਾਛ, ਸੌਂਫ ਦਾ ਸ਼ਰਬਤ ਸਰੀਰ ਨੂੰ ਡੀਹਾਈਡਰੇਸ਼ਨ ਤੋਂ ਬਚਾਉਂਦਾ ਹੈ ਅਤੇ ਇਸਨੂੰ ਊਰਜਾ ਨਾਲ ਭਰਪੂਰ ਰੱਖਦਾ ਹੈ। ਜਦੋਂ ਵੀ ਤੁਸੀਂ ਬਾਹਰ ਜਾਓ ਅਤੇ ਲੰਬੇ ਸਮੇਂ ਲਈ ਘਰ ਤੋਂ ਬਾਹਰ ਰਹਿਣਾ ਪਵੇ, ਤਾਂ ਹਮੇਸ਼ਾ ਆਪਣੇ ਬੈਗ ਵਿੱਚ ਪਾਣੀ ਦੀ ਬੋਤਲ ਰੱਖੋ। ਜੇ ਸੰਭਵ ਹੋਵੇ, ਤਾਂ ਪਾਣੀ ਵਿੱਚ ਕੁਝ ਕੱਟੇ ਹੋਏ ਖੀਰੇ ਦੇ ਟੁਕੜੇ, ਕੁਝ ਪੁਦੀਨੇ ਦੇ ਪੱਤੇ ਅਤੇ ਇੱਕ ਚੁਟਕੀ ਨਮਕ ਪਾਓ। ਇਸ ਨਾਲ ਸਰੀਰ ਨੂੰ ਬਹੁਤ ਰਾਹਤ ਮਿਲਦੀ ਹੈ ਅਤੇ ਪਾਚਨ ਤੰਤਰ ਨੂੰ ਹੌਲੀ ਹੋਣ ਤੋਂ ਵੀ ਰੋਕਿਆ ਜਾਂਦਾ ਹੈ।

ਵਿਜੈ ਗਰਗ ਰਿਟਾਇਰਡ ਪ੍ਰਿੰਸੀਪਲ ਐਜੂਕੇਸ਼ਨਲ ਕਾਲਮਨਵੀਸ਼ ਮਲੋਟ ਪੰਜਾਬ

# ਰੋਕ ਦਿਓ ਇਹਨਾਂ ਲੜਾਈਆਂ ਅਤੇ ਜੰਗਾਂ ਨੂੰ

ਹਾੜ੍ਹਾ, ਤੁਸੀਂ ਰੋਕ ਦਿਓ ਇਹਨਾਂ ਲੜਾਈਆਂ ਅਤੇ ਜੰਗਾਂ ਨੂੰ,
ਸਮਝੌਤਾ ਕਰ ਲਓ ਤੁਸੀਂ ਮੰਨ ਕੇ ਇੱਕ-ਦੂਜੇ ਦੀਆਂ ਮੰਗਾਂ ਨੂੰ,
ਫ਼ੌਜੀ ਜਦ ਮੁੜ ਕੇ ਘਰ ਆਉਂਦੇ ਜੰਗ ਲੜ ਕੇ,
ਸਹਿਲਾਉਂਦੇ(ਪਲੋ□ਸਦੇ) ਰਹਿੰਦੇ ਕਈ, ਆਪਣੀਆਂ ਟੁੱਟੀਆਂ ਹੋਈਆਂ ਟੰਗਾਂ ਨੂੰ,
ਜਿਹੜੀਆਂ ਦੋਹੱਥੜਾਂ ਮਾਰ-ਮਾਰ ਕੇ ਰੋਂਦੀਆਂ ਹਨ,
ਨਹੀਂ ਜਰਿਆ ਜਾਂਦਾ ਉਹਨਾਂ ਸੁਹਾਗਣਾਂ ਦੀਆਂ ਟੁੱਟਦੀਆਂ ਵੰਗਾਂ ਨੂੰ,
ਜਿਹੜੇ ਬੁਰੀ ਤਰ੍ਹਾਂ ਬਰੂਦ ਦੀ ਲਪੇਟ ਵਿੱਚ ਆ ਜਾਂਦੇ ਹਨ,
ਜਲਦੀ ਪਾਣੀ ਨਹੀਂ ਮਿਲ਼ਦਾ ਉਹਨਾਂ ਦੇ ਸੁੱਕੇ ਹੋਏ ਸੰਘਾਂ ਨੂੰ,
ਇਹਨਾਂ ਵੰਡੀਆਂ ਪਾਉਂਦੀਆਂ ਹੱਦਾਂ ਤੇ ਸਰਹੱਦਾਂ ਦੀ ਕੋਈ ਲੋੜ ਨਹੀਂ,
ਜੇ ਹੋ ਸਕੇ ਤਾਂ ਹਟਾ ਦਿਓ ਕੰਡਿਆਲ਼ੀ ਤਾਰ ਦੀਆਂ ਕੰਧਾਂ ਨੂੰ,
ਦਿਲਸ਼ਾਨ ਤਾਂ ਇਹ ਕਹਿ ਕੇ ਰੱਬ ਦਾ ਸ਼ੁਕਰਾਨਾਂ ਕਰਦਾ ਹੈ,
ਬਸ ਰੁੱਖੀ-ਮਿੱਸੀ ਰੋਟੀ ਮਿਲ਼ਦੀ ਰਹੇ ਦੋ ਡੰਗਾਂ ਨੂੰ।



ਦਿਲਸ਼ਾਨ

# ਮੈਂ ਕਿਵੇਂ ਪੜ੍ਹਾਂ ?

ਵਿਜੇ ਗਰਗ

ਸਾਰੇ ਘਰ ਵਿੱਚ ਮੌਤ ਵਰਗੀ ਚੁੱਪ ਛਾ ਗਈ। ਮਾਂ ਦੇ ਕਮਰੇ ਦੇ ਬਾਹਰ, ਉਦਾਸ ਦਾਈ ਆਪਣਾ ਸਿਰ ਹੱਥਾਂ ਵਿੱਚ ਲੈ ਕੇ ਬੈਠੀ ਹੈ। ਪਿੰਡ ਦੀਆਂ ਔਰਤਾਂ ਮਾਂ ਦੇ ਕੋਲ ਚੁੱਪ-ਚਾਪ ਬੈਠੀਆਂ ਹਨ ਜੋ ਰੋਂਦੇ-ਰੋਂਦੇ ਥੱਕ ਚੁੱਕੀ ਹੈ। ਇਹ ਪਹਿਲੀ ਵਾਰ ਸੀ ਜਦੋਂ ਉਸਨੇ ਆਪਣੇ ਪਿਤਾ ਨੂੰ ਚਿੱਟੇ ਕੱਪੜੇ ਵਿੱਚ ਲਪੇਟੀ ਹੋਈ ਗੁੱਡੀ ਦੀ ਲਾਸ਼ ਨੂੰ ਹੱਥਾਂ ਵਿੱਚ ਫੜ ਕੇ ਰੋਂਦੇ ਹੋਏ ਦੇਖਿਆ... ਸ਼ੁਚੀ! ਅਧਿਆਪਕਾ ਦੀ ਤਿੱਖੀ ਆਵਾਜ਼ ਨੇ ਉਸਦੇ ਮਨ ਵਿੱਚ ਚੱਲ ਰਹੀਆਂ ਘਟਨਾਵਾਂ ਦੀ ਰੀਲ ਨੂੰ ਕੱਟ ਦਿੱਤਾ ਅਤੇ ਉਹ ਕਾਹਲੀ ਨਾਲ ਉੱਠ ਖੜ੍ਹੀ ਹੋ ਗਈ। ਤੁਹਾਡਾ ਧਿਆਨ ਕਿੱਥੇ ਹੈ ? ਮੈਂ ਕੀ ਸਿਖਾ ਰਿਹਾ ਸੀ... ਦੱਸੋ ? ਉਹ ਘਬਰਾ ਗਈ। ਪੂਰੀ ਕਲਾਸ ਵਿੱਚ ਸਾਰੇ ਉਸ ਵੱਲ ਦੇਖ ਰਹੇ ਸਨ। ਬੋਲੋ! ਅਧਿਆਪਕ ਉਸਦੇ ਬਹੁਤ ਨੇੜੇ ਆ ਗਿਆ। ਰੱਬ ਨੇ ਬੱਚਾ ਵਾਪਸ ਲੈ ਲਿਆ... ਡਰ ਕਾਰਨ ਉਸਦੇ ਮੂੰਹੋਂ ਇਹੀ ਨਿਕਲ ਸਕਿਆ। ਕੁਝ ਬੱਚੇ ਉੱਚੀ-ਉੱਚੀ ਹੱਸਣ ਲੱਗ ਪਏ। ਅਧਿਆਪਕ ਦਾ ਗੁੱਸਾ ਸੱਤਵੇਂ ਅਸਮਾਨ ਤੇ ਪਹੁੰਚ ਗਿਆ। ਬੈਂਚ ਤੇ ਖੜ੍ਹੇ ਹੋ ਜਾਓ! ਉਹ ਚੁੱਪਚਾਪ ਬੈਂਚ ਤੇ ਖੜ੍ਹੀ ਰਹੀ। ਉਸਨੇ ਸੋਚਿਆ... ਉਹ ਸਾਰੇ ਕਿਉਂ ਹੱਸ ਰਹੇ ਹਨ, ਉਸਦੇ ਮਾਪੇ ਰੋ ਪਏ ਸਨ, ਦੁੱਧ ਵਾਲਾ ਅਤੇ ਰਿਕਸ਼ਾ ਵਾਲਾ ਵੀ ਬੱਚੇ ਬਾਰੇ ਸੁਣ ਕੇ ਉਦਾਸ ਹੋ ਗਏ ਸਨ ਅਤੇ ਉਸ ਨਾਲ ਵਾਧੂ ਪਿਆਰ ਨਾਲ ਪੇਸ਼ ਆਏ ਸਨ। ਉਹ ਬਲੈਕਬੋਰਡ ਵੱਲ ਘੂਰ ਰਹੀ ਸੀ, ਜਿੱਥੇ ਉਸਨੂੰ ਇੱਕ ਪਿਆਰਾ ਜਿਹਾ ਬੱਚਾ ਆਪਣੀ ਮਾਂ ਦੇ ਕੋਲ ਪਿਆ ਦਿਖਾਈ ਦੇ ਰਿਹਾ ਸੀ। ਹੱਸਦੇ ਹੋਏ, ਪਿਤਾ ਜੀ ਨੇ ਗੁੱਡੀ ਨੂੰ ਉਸਦੀਆਂ ਨਿੱਕੀਆਂ ਬਾਹਾਂ ਵਿੱਚ ਫੜਾ ਦਿੱਤਾ। ਉਹ ਕਿੰਨੀ ਖੁਸ਼ ਸੀ! ਦੋ ਅਤੇ ਪੰਜ - ਇਹ ਕੀ ਹੈ ? ਅਧਿਆਪਕ ਬੱਚਿਆਂ ਨੂੰ ਪੁੱਛ ਰਿਹਾ ਸੀ। ਸ਼ੁਚੀ ਨੂੰ ਟੀਚਰ ਦੀਦੀ ਤੋਂ ਪੁੱਛਣ ਨੂੰ ਜੀਅ ਕਰਦਾ ਕਿ ਜੇ ਰੱਬ ਨੂੰ ਗੁੱਡੀ ਵਾਪਸ ਲੈਣੀ ਹੀ ਪਈ ਤਾਂ ਉਸਨੇ ਉਸਨੂੰ ਕਿਉਂ ਦਿੱਤੀ ? ਉਸਦੀਆਂ ਅੱਖਾਂ ਨਮ ਹੋ ਗਈਆਂ। ਚਿੱਟੇ ਕੱਪੜੇ ਵਿੱਚ ਲਪੇਟੀ ਹੋਈ ਗੁੱਡੀ ਦੀ ਲਾਸ਼ ਉਸਦੀਆਂ ਅੱਖਾਂ ਸਾਹਮਣੇ ਤੈਰ ਰਹੀ ਸੀ। ਇਸ ਵਾਰ ਅਧਿਆਪਕ ਉਸਨੂੰ ਪੁੱਛ ਰਿਹਾ ਸੀ। ਉਸਨੇ ਬਲੈਕਬੋਰਡ ਵੱਲ ਧਿਆਨ ਨਾਲ ਦੇਖਿਆ। ਉਸਨੂੰ ਲੱਗਾ ਜਿਵੇਂ ਬਲੈਕਬੋਰਡ ਵੀ ਗੁੱਡੀ ਦੇ ਸਰੀਰ ਦੁਆਲੇ ਲਪੇਟੇ ਹੋਏ ਕੱਪੜੇ ਵਾਂਗ ਚਿੱਟਾ ਹੋ ਗਿਆ ਹੋਵੇ। ਉਸਨੂੰ ਅਧਿਆਪਕਾ ਦੀਦੀ ਤੇ ਗੁੱਸਾ ਆਇਆ। ਉਹ ਚਿੱਟੇ ਬੋਰਡ ਤੇ ਚਿੱਟੇ ਚਾਕ ਨਾਲ ਲਿਖਿਆ ਕਿਵੇਂ ਪੜ੍ਹ ਸਕਦਾ ਹੈ ?

ਵਿਜੇ ਗਰਗ ਸੇਵਾਮੁਕਤ ਪ੍ਰਿੰਸੀਪਲ ਮਲੋਟ ਪੰਜਾਬ

# ਪੰਜਾਬ ਚ ਕਾਲਾ ਦੌਰ ਸ਼ੁਰੂ ਕਰਨ ਲਈ ਕਾਂਗਰਸ ਵੱਲੋਂ ਫਿੱਟ ਕੀਤਾ ਭਿੰਡਰਾਵਾਲਾ ਜਿੰਮੇਵਾਰ ਸਾਬਿਤ ਹੋਇਆ ???

ਸ਼ਾਂਤੀ ਦੇ ਪੁੰਜ ਦਰਬਾਰ ਸਾਹਿਬ ਨੂੰ ਮੋਰਚਾਬੰਦੀ ਕਰਕੇ ਕਿਲਾ ਬਣਾਉਣਾ,,ਭਿੰਡਰਾਵਾਲੇ ਵੱਲੋਂ ਨਿਰਦੋਸ਼ ਹਿੰਦੂਆਂ ਦੇ ਕਤਲ ਕਰਵਾਉਣੇ,,ਭਿੰਡਰਾਵਾਲੇ ਦੀ ਸੱਜੀ ਬਾਂਹ ਸੋਢੀ ਵੱਲੋਂ ਸ਼ਿੰਦੇ ਦੀ ਮਸ਼ੂਕ ਬਲਜੀਤ ਕੌਰ ਨਾਲ ਬਲਾਤਕਾਰ ਕਰਨਾ,,,ਸ਼ਿੰਦੇ ਅਤੇ ਬਲਜੀਤ ਕੌਰ ਵੱਲੋਂ ਸੋਢੀ ਨੂੰ ਸਿੰਧੀ ਹੋਟਲ ਵਿੱਚ ਸਦਕੇ ਧਕੇਸਾਹੀ ਦਾ ਬਦਲਾ ਲੈਣ ਲਈ ਗੋਲੀਆਂ ਮਾਰਕੇ ਭੁੰਨਣਾ,,,ਉਸ ਸਮੇਂ ਭਿੰਡਰਾਵਾਲਾ ਲੰਗਰ ਦੀ ਛੱਤ ਉੱਪਰ ਬੈਠਾ ਸੀ,ਬਲਜੀਤ ਕੌਰ ਸੋਢੀ ਦਾ ਕਤਲ ਕਰਕੇ ਉਹੀ ਰਿਵਾਲਵਰ ਹੱਥ ਵਿੱਚ ਫੜਕੇ ਪੌੜੀਆਂ ਚੜਕੇ ਭਿੰਡਰਾਂਵਾਲੇ ਕੋਲ ਜਾਦੀ ਆ,(ਉਸਦੇ ਦਿਮਾਗ਼ ਚ ਇਹੀ ਹੋਵੇਗਾ ਕੇ ਭਿੰਡਰਾਂਵਾਲੇ ਨੇ ਸਟੇਜਾਂ ਤੇ ਲਲਕਾਰ ਕੇ ਆਖਿਆ ਹੈ ਕਿ ਕੇ ਕੋਈ ਵੀ ਕਿਸੇ ਧੀ ਭੈਣ ਨਾਲ ਬਲਾਤਕਾਰ ਜਾਂ ਛੇੜਛਾੜ ਕਰਦਾ ਹੈ ਤਾ ਉਸ ਜਾਲਮ ਨੂੰ ਸੋਧਾ ਲਾਕੇ ਆ ਜਾਓ,ਮੈ ਸਾਂਭਾਂਗਾ),,,,ਪਰ ਕਹਿਣੀ ਤੇ ਕਰਨੀ ਚ ਫ਼ਰਕ ਨਿਕਲਿਆ,,ਬਲਜੀਤ ਕੌਰ ਉਸੇ ਆਸ ਨਾਲ ਜਾਦੀ ਹੈ ਕੇ ਮੈਂ ਭਿੰਡਰਾਵਾਲੇ ਨੂੰ ਸਾਰੀ ਗੱਲ ਦੱਸਾਂਗੀ,,ਭਿੰਡਰਾਵਾਲਾ ਮੈਨੂੰ ਸਾਬਾਸੀ ਦੇਵੇਗਾ ਤੇ ਧੀ ਵਾਂਗ ਸਾਂਭੇਗਾ,,,ਪਰ ਹੋਇਆ ਉਸਦੀ ਸੋਚ ਦੇ ਬਿਲਕੁਲ ਉਲਟ,,ਭਿੰਡਰਾਵਾਲੇ ਦੀ ਕਹਿਣੀ ਤੇ ਕਰਨੀ ਚ ਜਮੀਨ ਅਸਮਾਨ ਦਾ ਫ਼ਰ ਨਿਕਲਿਆ ??? ਬਲਜੀਤ ਕੌਰ ਦੂਰੋਂ ਰਿਵਾਲਵਰ ਲਹਿਰਾਉਂਦੀ ਵੇਖਕੇ ਆਪਣੇ ਸਾਥੀਆਂ ਨੂੰ ਆਖ ਦਿੰਦਾ ਹੈ ਕਿ ਇਸ ਪਾਗਲ ਔਰਤ ਨੂੰ ਇੱਥੋਂ ਲੈ ਜਾਵੋ,,ਭਿੰਡਰਾਵਾਲੇ ਦੇ ਲਾਭ ਸਿੰਘ ਉਰਫ ਸੁੱਖਾ ਸਿਪਾਹੀ ਵਰਗੇ ਪੰਜ ਚਾਰ ਹੋਰ ਚੇਲੇ ਬਲਜੀਤ ਕੌਰ ਨੂੰ ਫੜਕੇ ਅਕਾਲ ਤਖਤ ਦੇ ਨਾਲ ਲੱਗਦੇ ਕਮਰੇ ਵਿੱਚ ਲੈ ਜਾਂਦੇ ਹਨ,,ਇਨੇ ਟਾਈਮ ਤੱਕ ਸੋਢੀ ਦੇ ਕਤਲ ਦਾ ਭਿੰਡਰਾਵਾਲੇ ਨੂੰ ਪਤਾ ਲੱਗ ਜਾਂਦਾ ਹੈ,,,ਭਿੰਡਰਾਵਾਲੇ ਦੇ ਸਮਰਥਕਾਂ ਵੱਲੋਂ ਵੈਸੇ ਵੀ ਅਟੈਕ ਸਮੇ ਬਹੁਤ ਗੱਪ ਕਹਾਣੀਆਂ ਸੁਣਾਈਆਂ ਗਈਆਂ,ਜਿਹੜੀਆਂ ਹੁਣ ਹੌਲੀ-੨ ਝੂਠੀਆਂ ਸਾਬਿਤ ਹੋ ਰਹੀਆਂ ਹਨ,ਕਿਉਂਕਿ ਮੀਡੀਆ ਵਿੱਚ ਬਹੁਤ ਚਸ਼ਮਦੀਦ ਗਵਾਹ ਸਾਹਮਣੇ ਆ ਚੁੱਕੇ ਹਨ,ਜਿਨ੍ਹਾਂ ਨੇ ਝੂਠ ਤੋ ਪਰਦਾ ਚੁੱਕ ਦਿੱਤਾ ਹੈ,,,ਸੋਢੀ ਦੇ ਕਤਲ ਦੀ ਵੀ ਝੂਠੀ ਕਹਾਣੀ ਬਣਾਈ ਗਈ ਸੀ ਕੇ ਬਲਜੀਤ ਕੌਰ ਲੌਂਗੋਵਾਲ ਦੇ ਕਹਿਣ ਤੇ ਭਿੰਡਰਾਵਾਲੇ ਨੂੰ ਮਾਰਨ ਆਈ ਸੀ,,ਅਗਰ ਉਸਨੇ ਮਾਰਨਾ ਹੁੰਦਾ ਤਾ ਪਿਸਟਲ ਉੱਪਰ ਕਰਕੇ ਲਹਿਰਾਉਦੀ-੨ ਆਉਣ ਦੀ ਕੀ ਲੋੜ ਸੀ ???

ਉਸਤੋਂ ਬਾਅਦ ਬਲਜੀਤ ਕੌਰ ਨੂੰ ਕਮਰੇ ਵਿੱਚ ਬੰਦ ਕਰਕੇ ਹੱਥ ਪੈਰ ਬੰਨਕੇ ਭਿੰਡਰਾਂਵਾਲੇ ਦੇ ਸਾਹਮਣੇ ਅੰਨਾ ਤਸ਼ੱਦਦ ਕਰਨਾ,ਛਾਤੀਆਂ ਤੇ ਗੁਪਤ ਅੰਗਾਂ ਨੂੰ ਗਰਮ ਸਰੀਆ ਨਾਲ ਪਾੜ ਦੇਣਾ,,,ਜ਼ੁਲਮ ਕਰਕੇ ਟੁਕੜੇ-੨ ਕਰਕੇ ਬਾਹਰ ਸੁੱਟ ਆਉਣਾ,,,ਇਹ ਕਿਹੋ ਜਿਹੀ ਤੇ ਕਿਹੜੇ ਮਕਸਦ ਨੂੰ ਲੈਕੇ ਇਹ ਜੰਗ ਲੜੀ ਜਾ ਰਹੀ ਸੀ! ਦਸ ਨੰਬਰੀਏ,ਲੁਟੇਰਿਆਂ,ਬਲੈਕੀਆ ਤੇ ਕਾਤਲਾਂ ਨੇ ਪੁਲਿਸ ਤੋ ਬਚਣ ਲਈ ਗੁਰੂ ਰਾਮਦਾਸ ਸਰਾਂ ਵਿੱਚ ਠਿਕਾਣੇ ਬਣਾ ਰੱਖੇ ਸੀ,,,,ਲੁੱਟਾਂ ਖੋਹਾਂ ਤੇ ਕਤਲਾ ਦੀਆ ਵਾਰਦਾਤਾਂ ਕਰਕੇ ਦਰਬਾਰ ਸਾਹਿਬ ਚ ਲੁਕ ਜਾਂਦੇ ਸਨ,,,ਸੱਚ ਤਾਂ ਇਹ ਹੈ ਕੇ ਪੰਜਾਬ ਖਾਸ ਕਰਕੇ ਸਿੱਖਾਂ ਦੀ ਬਰਬਾਦੀ ਦਾ ਦੂਜਾ ਨਾਮ ਭਿੰਡਰਾਵਾਲਾ ਹੈ,,ਜਿਹੜਾ ਹੱਸਦੇ ਵੱਸਦੇ ਇੱਕ ਨੰਬਰ ਸੂਬੇ ਨੂੰ 50 ਸਾਲ ਪਿੱਛੇ ਪਾ ਗਿਆ! ਉਸਤੋਂ ਬਾਅਦ 85 ਤੋ 92 ਤੱਕ ਹਜ਼ਾਰਾਂ ਬੇਕਸੂਰ ਲੋਕ ਮਾਰੇ ਗਏ,ਸਿੱਖ ਨੌਜਵਾਨ ਝੂਠੇ ਮੁਕਾਬਲਿਆਂ ਵਿੱਚ ਮਾਰ ਮੁਕਾ ਦਿੱਤੇ! ਪੁਲਿਸ ਤੇ ਸੀ ਆਰ ਪੀ ਵਾਲੇ ਵੀ ਮਾਰੇ ਗਏ! ਕੌੜੀ ਸੱਚਾਈ ਇਹ ਹੈ ਦਿੱਲੀ ਸਿੱਖ ਕਤਲੇਆਮ ਲਈ ਵੀ ਅਸਿੱਧੇ ਭਿੰਡਰਾਵਾਲਾ ਅਤੇ ਕਾਂਗਰਸ ਪਾਰਟੀ ਜਿੰਮੇਵਾਰ ਹੈ,,ਐਕਸਨ ਦਾ ਰੀਐਕਸਨ ਹੋਇਆ ?? ਅੱਧੀ ਕੌਮ ਮਰਵਾਕੇ ਭਿੰਡਰਾਂਵਾਲੇ ਨੇ ਪ੍ਰਾਪਤੀ ਕੀ ਕੀਤੀ ਆ ?? ਅਸੀਂ ਵੀ ਉਸ ਸਮੇਂ ਕਾਲਜ ਟਾਈਮ ਭਿੰਡਰਾਂਵਾਲੇ ਦੇ ਫੁੱਲ ਸੁਪੋਟਰ ਹੁੰਦੇ ਸੀ,ਆਈਡਲ ਮੰਨਦੇ ਸੀ ,,,ਕਾਲਜ ਟਾਈਮ ਉਮਰ ਇਹੋ ਜਿਹੀ ਹੁੰਦੀ ਆ ਕੇ ਇਨਸਾਨ ਜਜ਼ਬਾਤਾ ਚ ਆ ਜਾਂਦਾ,ਫੈਡਰੇਸ਼ਨ ਵਿੱਚ ਪੂਰੇ ਸਰਗਰਮ ਰਹਿੰਦੇ ਸੀ,,,ਪਰੰਤੂ ਹੁਣ ਕੁਝ ਸਾਲਾਂ ਤੋਂ ਜੋ ਚਸ਼ਮਦੀਦ ਗਵਾਹਾਂ ਦਾ ਜੋ ਸੱਚ ਸਾਹਮਣੇ ਆ ਰਿਹਾ,,ਉਸਤੋ ਮੁਨਕਰ ਨਹੀਂ ਹੋਇਆ ਜਾ ਸਕਦਾ! ਨਵੀਂ ਸਿੱਖ ਨੌਜਵਾਨ ਪੀੜ੍ਹੀ ਨੂੰ ਵੀ ਕਿਸੇ ਦੇ ਬਹਿਕਾਵੇ ਚ ਆਉਣ ਦੀ ਲੋੜ ਨਹੀਂ! ਸਹੀ ਹਿਸਟਰੀ ਪੜ ਲੈਣੀ ਚਾਹੀਦੀ ਹੈ! ਆਪਣੇ ਮਾਪਿਆਂ ਦੇ ਸੁਪਨੇ ਪੂਰੇ ਕਰਨ ਲਈ ਵੱਧ ਤੋਂ ਵੱਧ ਪੜ੍ਹਾਈ ਕਰਕੇ ਕਿਸੇ ਮੁਕਾਮ ਤੇ ਪਹੁੰਚਣ ਦੀ ਲੋੜ ਆ! ਜਿਸ ਮੁਕਾਮ ਦਾ ਫ਼ਾਇਦਾ ਪੰਜਾਬ ਦੀ ਤਰੱਕੀ ਅਤੇ ਵਿਕਾਸ ਵਿੱਚ ਜ਼ਰੂਰ ਹੋਵੇਗਾ!

0ਬਾਗੀ ਕਲਮ+ਹੱਕ ਸੱਚ ਦੀ ਆਵਾਜ਼

# ਪੰਜਾਬ ਦੇ ਸਰਕਾਰੀ ਸਕੂਲਾਂ 'ਚ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਲਈ ਵੱਡੀ ਖ਼ਬਰ; ਸਿੱਖਿਆ ਬੋਰਡ ਨੇ ਜਾਰੀ ਕੀਤੇ ਨਵੇਂ ਹੁਕਮ

ਚੰਡੀਗੜ੍ਹ-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ 8ਵੀਂ ਤੋਂ 12ਵੀਂ ਕਲਾਸ ਤੱਕ ਵਿਦਿਆਰਥੀਆਂ ਵੱਲੋਂ ਦਾਖਲਾ ਲੈਣ ਦੀ ਮਿਤੀ ਨਿਰਧਾਰਤ ਕੀਤੀ ਗਈ ਹੈ। ਇਸ ਸਬੰਧੀ ਸਿੱਖਿਆ ਬੋਰਡ ਵੱਲੋਂ ਸਾਰੇ ਸਕੂਲਾਂ ਨੂੰ ਸੂਚਿਤ ਕੀਤਾ ਗਿਆ ਹੈ।

ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਸਰਕਾਰੀ/ਏਡਿਡ/ਐਫੀਲੀਏਟਿਡ ਅਤੇ ਐਸੋਸੀਏਟਿਡ ਸਕੂਲ ਮੁੱਖੀਆਂ ਅਤੇ ਪੰਜਾਬ ਰਾਜ ਦੇ ਸਮੂਹ ਵਿਦਿਆਰਥੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਬੋਰਡ ਵਲੋਂ ਅਕਾਦਮਿਕ ਸਾਲ 2025-26 ਲਈ ਅੱਠਵੀਂ ਤੋਂ ਬਾਰ੍ਹਵੀਂ ਸ਼੍ਰੇਣੀਆਂ ਲਈ ਸਕੂਲਾਂ ਵਿੱਚ ਦਾਖਲਾ ਲੈਣ ਵਾਲੇ ਰੈਗੂਲਰ ਵਿਦਿਆਰਥੀਆਂ ਵਾਸਤੇ ਦਾਖਲੇ ਦੀ ਅੰਤਿਮ ਮਿਤੀ 15 ਜੁਲਾਈ 2025 ਨਿਰਧਾਰਿਤ ਕੀਤੀ ਜਾਂਦੀ ਹੈ।

# ਫੰਡਾਂ ਦੀ ਹੇਰਾਫੇਰੀ ਦੇ ਦੋਸ਼ ਹੇਠ ਸਾਬਕਾ ਵਿਧਾਇਕ ਦੇ ਪੁੱਤਰ, ਨੂੰਹ, ਕਾਰਜਕਾਰੀ ਅਧਿਕਾਰੀ ਅਤੇ ਦੋ ਹੋਰਨਾਂ ਵਿਰੁੱਧ ਪਰਚਾ ਦਰਜ



ਚੰਡੀਗੜ੍ਹ :-ਪੰਜਾਬ ਵਿਜੀਲੈਂਸ ਬਿਊਰੋ ਨੇ ਰਾਜ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ, ਤਰਨਤਾਰਨ ਦੇ ਸਾਬਕਾ ਵਿਧਾਇਕ ਦੇ ਪੁੱਤਰ ਅਤੇ ਨੂੰਹ ਸਮੇਤ ਨਗਰ ਕੌਂਸਲ ਤਰਨਤਾਰਨ ਦੇ ਕਾਰਜਕਾਰੀ ਅਧਿਕਾਰੀ (ਈ.ਓ) , ਕਲਰਕ ਅਤੇ ਇੱਕ ਫਰਮ ਦੇ ਮਾਲਕ ਵਿਰੁੱਧ ਕੌਂਸਲ ਦੇ ਫੰਡਾਂ ਵਿੱਚ ਵੱਡੀ ਹੇਰਾ-ਫੇਰੀ ਕਰਨ ਦੇ ਦੋਸ਼ ਹੇਠ ਮੁਕੱਦਮਾ ਦਰਜ ਕੀਤਾ ਹੈ। ਇਸ ਕੇਸ ਵਿੱਚ ਉਕਤ ਮੁਲਜ਼ਮ ਈ.ਓ., ਕਲਰਕ ਅਤੇ ਫਰਮ ਦੇ ਮਾਲਕ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਅੱਜ ਇੱਥੇ ਇਹ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਕਿਹਾ ਕਿ ਇਸ ਸਬੰਧ ਵਿੱਚ ਸਥਾਨਕ ਸਰਕਾਰਾਂ ਵਿਭਾਗ ਵੱਲੋਂ ਕੀਤੀ ਗਈ ਚੈਕਿੰਗ ਦੇ ਸਿੱਟੇ ਵਜੋਂ ਹੋਈ ਵਿਜੀਲੈਂਸ ਜਾਂਚ ਦੇ ਆਧਾਰ 'ਤੇ ਕੇਸ ਦਰਜ ਕੀਤਾ ਗਿਆ ਹੈ। ਇਸ ਕੇਸ ਨੂੰ ਅਗਲੇਰੀ ਜਾਂਚ ਲਈ ਵਿਜੀਲੈਂਸ ਬਿਊਰੋ ਨੂੰ ਸੌਂਪ ਦਿੱਤਾ ਗਿਆ ਸੀ। ਇਸ ਤੋਂ ਬਾਅਦ, ਜਾਂਚ ਦੇ ਆਧਾਰ 'ਤੇ, ਉਕਤ ਮੁਲਜ਼ਮਾਂ ਵਿਰੁੱਧ ਵਿਜੀਲੈਂਸ ਬਿਊਰੋ ਦੀ ਅੰਮ੍ਰਿਤਸਰ ਰੇਂਜ ਦੇ ਥਾਣੇ ਵਿੱਚ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 13(2) ਦੇ ਨਾਲ-ਨਾਲ 13(1) ਅਤੇ ਆਈਪੀਸੀ ਦੀ ਧਾਰਾ 409, 420, 465, 467, 468, 471, 120-ਬੀ ਦੇ ਤਹਿਤ ਐਫਆਈਆਰ ਨੰਬਰ 22, ਮਿਤੀ 02.05.2025 ਦਰਜ ਕੀਤੀ ਗਈ ਹੈ।

ਬੁਲਾਰੇ ਨੇ ਦੱਸਿਆ ਕਿ ਇਸ ਕੇਸ ਦੇ ਮੁਲਜ਼ਮਾਂ ਵਿੱਚ ਸ਼ਰਨਜੀਤ ਕੌਰ, ਕਾਰਜਕਾਰੀ ਅਧਿਕਾਰੀ (ਹੁਣ ਮੁਅੱਤਲ) ਅਤੇ ਨਗਰ ਕੌਂਸਲ ਤਰਨਤਾਰਨ ਦਾ ਕਲਰਕ ਨਰਿੰਦਰ ਕੁਮਾਰ, ਸਾਬਕਾ ਵਿਧਾਇਕ ਧਰਮਵੀਰ ਅਗਨੀਹੋਤਰੀ ਦਾ ਪੁੱਤਰ ਸੰਦੀਪ ਕੁਮਾਰ ਅਗਨੀਹੋਤਰੀ ਅਤੇ ਉਨ੍ਹਾਂ ਦੀ ਨੂੰਹ ਜੋਤੀ ਸਚਦੇਵਾ, ਜੋ ਕਿ ਮੈਸਰਜ਼ ਐਮ.ਕੇ. ਪਦਮ ਪੈਟਰੋਲੀਅਮ ਦੀ ਮਾਲਕ ਹੈ ਅਤੇ ਨਿਊ ਪਵਨ ਨਗਰ, ਅੰਮ੍ਰਿਤਸਰ ਦਾ ਰਹਿਣ ਵਾਲਾ ਰਾਜੀਵ ਗੁਪਤਾ, ਜੋ ਮੈਸਰਜ਼ ਸ਼ਾਰਪ ਫੌਕਸ ਵਿਜ਼ਨ ਪ੍ਰਾਈਵੇਟ ਲਿਮਟਿਡ ਅਤੇ ਮੈਸਰਜ਼ ਐਸਆਰ ਐਂਟਰਪ੍ਰਾਈਜ਼ਿਜ਼ ਲਿਮਟਿਡ ਦਾ ਸ਼ੇਅਰਧਾਰਕ ਹੈ, ਸ਼ਾਮਲ ਹਨ।

ਇਸ ਕੇਸ ਵਿੱਚ, ਸ਼ਰਨਜੀਤ ਕੌਰ, ਈ.ਓ. ਅਤੇ ਨਰਿੰਦਰ ਕੁਮਾਰ ਕਲਰਕ,ਦੋਵੇਂ ਨਗਰ ਕੌਂਸਲ, ਤਰਨਤਾਰਨ ਵਿਖੇ ਤਾਇਨਾਤ, ਅਤੇ ਉਕਤ ਪ੍ਰਾਈਵੇਟ ਫਰਮ ਦੇ ਮਾਲਕ ਰਾਜੀਵ ਗੁਪਤਾ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

ਬੁਲਾਰੇ ਨੇ ਖੁਲਾਸਾ ਕੀਤਾ ਕਿ ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਉਕਤ ਕਾਰਜਕਾਰੀ ਅਧਿਕਾਰੀ ਦੁਆਰਾ 2017-2022 ਦੇ ਸਾਲਾਂ ਦੌਰਾਨ ਧੋਖਾਧੜੀ ਵਾਲੇ ਲੈਣ-ਦੇਣ ਕੀਤੇ ਗਏ ਸਨ। ਉਸਨੇ ਮੈਸਰਜ਼ ਸਿੱਧੂ ਕੰਸਟਰਕਸ਼ਨ ਕੰਪਨੀ, ਮੈਸਰਜ਼ ਬ੍ਰਦਰ ਕੰਸਟਰਕਸ਼ਨ ਕੰਪਨੀ ਅਤੇ ਮੈਸਰਜ਼ ਫਰੈਂਡਜ਼ ਐਸੋਸੀਏਸ਼ਨ ਨੂੰ ਵੱਖ-ਵੱਖ ਚੈੱਕਾਂ ਰਾਹੀਂ ਗਲਤ ਭੁਗਤਾਨ ਕੀਤੇ ਸਨ। ਇਸ ਤੋਂ ਇਲਾਵਾ, ਸਾਬਕਾ ਵਿਧਾਇਕ ਧਰਮਵੀਰ ਅਗਨੀਹੋਤਰੀ ਦੇ ਪੁੱਤਰ ਸੰਦੀਪ ਕੁਮਾਰ ਅਗਨੀਹੋਤਰੀ ਨਾਲ ਮਿਲੀਭੁਗਤ ਕਰਕੇ, ਦੋਸ਼ੀ ਈ.ਓ. ਨੇ ਉਨ੍ਹਾਂ ਦੀ ਕੰਪਨੀਆਂ ਮੈਸਰਜ਼ ਸ਼ਾਰਪ ਫੌਕਸ ਵਿਜ਼ਨ ਪ੍ਰਾਈਵੇਟ ਲਿਮਟਿਡ ਅਤੇ ਮੈਸਰਜ਼ ਐਸ.ਆਰ. ਐਂਟਰਪ੍ਰਾਈਜ਼ਿਜ਼ ਨੂੰ ਵੀ ਜਾਅਲੀ ਭੁਗਤਾਨ ਕੀਤੇ ਸਨ।

ਬੁਲਾਰੇ ਨੇ ਅੱਗੇ ਦੱਸਿਆ ਕਿ ਸਥਾਨਕ ਸਰਕਾਰਾਂ ਵਿਭਾਗ ਪੰਜਾਬ ਵੱਲੋਂ ਕੀਤੀ ਗਈ ਚੈਕਿੰਗ ਦੌਰਾਨ, ਉਕਤ ਜਾਅਲੀ ਅਦਾਇਗੀਆਂ ਦੀ ਰਿਕਵਰੀ ਤਾਂ ਹੋ ਗਈ , ਪਰ 27,88,000 ਰੁਪਏ ਦੀ ਰਕਮ ਅਜੇ ਵੀ ਬਕਾਇਆ ਹੈ। ਜਾਂਚ ਦੌਰਾਨ ਇਹ ਵੀ ਪਾਇਆ ਗਿਆ ਕਿ ਸੰਦੀਪ ਕੁਮਾਰ ਅਗਨੀਹੋਤਰੀ ਨੂੰ ਆਪਣੀ ਪਤਨੀ ਜੋਤੀ ਸਚਦੇਵਾ ਦੀ ਮਾਲਕੀਵਾਲੇ ਮੈਸਰਜ਼ ਐਮਕੇ ਪਦਮ ਪੈਟਰੋਲੀਅਮ ਦੇ ਨਾਮ 'ਤੇ ਜਾਰੀ ਕੀਤੇ 4,41,03,086 ਰੁਪਏ ਦੇ ਜਾਅਲੀ ਭੁਗਤਾਨ ਵੀ ਪ੍ਰਾਪਤ ਕੀਤੇ ਸਨ। ਬਾਅਦ ਵਿੱਚ, ਸੰਦੀਪ ਅਗਨੀਹੋਤਰੀ ਨੇ ਇਸ ਜਾਅਲੀ ਅਦਾਇਗੀ ਦਾ ਕੁਝ ਹਿੱਸਾ ਨਗਰ ਕੌਂਸਲ ਤਰਨਤਾਰਨ ਦੇ ਖਾਤਿਆਂ ਵਿੱਚ ਵਾਪਸ ਜਮ੍ਹਾ ਕਰਵਾ ਦਿੱਤਾ , ਪਰ 35,45,404 ਰੁਪਏ ਅਜੇ ਵੀ ਬਕਾਇਆ ਹਨ। ਬਕਾਇਆ ਬਿੱਲਾਂ ਦੇ ਆਂਸ਼ਿਕ ਅਦਾਇਗੀ ਤੋਂ ਬਾਅਦ, ਮੈਸਰਜ਼ ਐਮਕੇ ਪਦਮ ਪੈਟਰੋਲੀਅਮ ਵੱਲ ਕੁੱਲ 1,05,30,628 ਰੁਪਏ ਦੀ ਬਕਾਇਆ ਰਕਮ ਪਾਈ ਗਈ। ਇਸ ਤੋਂ ਇਲਾਵਾ, ਪ੍ਰਮੁੱਖ ਸਕੱਤਰ, ਸਥਾਨਕ ਸਰਕਾਰਾਂ, ਪੰਜਾਬ ਵੱਲੋਂ ਪ੍ਰਦਾਨ ਕੀਤੀ ਗਈ ਵਿਭਾਗੀ ਨਿਰੀਖਣ ਰਿਪੋਰਟ ਦੇ ਅਨੁਸਾਰ, ਈ.ਓ. ਸ਼ਰਨਜੀਤ ਕੌਰ ਨੇ ਕਲਰਕ ਰਾਜੀਵ ਕੁਮਾਰ, (ਹੁਣ ਮ੍ਰਿਤਕ), ਜੋ ਕਿ ਉਸਦੇ ਦਫ਼ਤਰ ਵਿਖੇ ਤਾਇਨਾਤ ਸੀ ਅਤੇ ਉਕਤ ਕਲਰਕ ਨਰਿੰਦਰ ਕੁਮਾਰ , ਨੂੰ ਬਿਨਾਂ ਕਿਸੇ ਬਿੱਲ ਜਾਂ ਵਰਕ ਆਰਡਰ ਦੇ ਭੁਗਤਾਨ ਜਾਰੀ ਕੀਤੇ ਸਨ।

ਤੱਥਾਂ ਤੋਂ ਇਹ ਸਪੱਸ਼ਟ ਹੋ ਗਿਆ ਕਿ ਈਓ ਸ਼ਰਨਜੀਤ ਕੌਰ ਨੇ ਉਕਤ ਸੰਦੀਪ ਕੁਮਾਰ ਅਗਨੀਹੋਤਰੀ ਨਾਲ ਮਿਲ ਕੇ ਆਪਣੇ ਅਹੁਦੇ ਦੀ ਦੁਰਵਰਤੋਂ ਕੀਤੀ ਅਤੇ ਉਸ ਦੀਆਂ ਫਰਜ਼ੀ ਫਰਮਾਂ ਮੈਸਰਜ਼ ਸ਼ਾਰਪ ਫੌਕਸ ਵਿਜ਼ਨ ਪ੍ਰਾਈਵੇਟ ਲਿਮਟਿਡ ਅਤੇ ਮੈਸਰਜ਼ ਐਸ.ਆਰ. ਐਂਟਰਪ੍ਰਾਈਜ਼ਿਜ਼ ਨੂੰ ਗੈਰ-ਕਾਨੂੰਨੀ ਭੁਗਤਾਨ ਕੀਤੇ ਸਨ। ਇਸ ਤੋਂ ਇਲਾਵਾ, ਇਹ ਵੀ ਪਾਇਆ ਗਿਆ ਕਿ 14,61,980 ਰੁਪਏ, 3,25,000 ਰੁਪਏ ਅਤੇ 2,09,400 ਰੁਪਏ ਦੀ ਅਦਾਇਗੀ ਬਿਨਾਂ ਕਿਸੇ ਟੈਂਡਰ ਜਾਂ ਕੋਟੇਸ਼ਨ ਦੇ ਵੱਖ-ਵੱਖ ਫਰਮਾਂ ਨੂੰ ਕੀਤੀ ਗਈ ਸੀ।

# ਆਈ ਈ ਏ ਟੀ ਅਧਿਆਪਕਾਂ ਨੇ ਐਸਡੀਐਮ ਫਿਲੌਰ ਨੂੰ ਸੌਂਪਿਆ ਮੰਗ ਪੱਤਰ, ਕਿਹਾ- ਸੀਐਮ ਮਾਨ ਦਾ 4 ਮਈ ਨੂੰ ਕਰਾਂਗੇ ਵਿਰੋਧ



ਆਈ ਈ ਏ ਟੀ ਅਧਿਆਪਕਾਂ ਨਾਲ ਕੀਤੇ ਵਾਅਦੇ ਤੋਂ ਸਰਕਾਰ ਮੁੱਕਰ ਰਹੀ ਹੈ ਅਤੇ ਮੀਟਿੰਗਾਂ ਦੇਣ ਤੋਂ ਬਾਅਦ ਵੀ ਯੂਨੀਅਨ ਦੀਆਂ ਮੰਗਾਂ ਵੱਲ ਧਿਆਨ ਨਹੀਂ ਦਿੱਤਾ ਜਾ ਰਿਹਾ।

ਜਿਸ ਕਾਰਨ ਸਰਕਾਰ ਦੇ ਮੰਤਰੀਆਂ ਦਾ ਘਿਰਾਓ ਕੀਤਾ ਜਾਵੇਗਾ। ਪਿੰਡ ਧਨੀ ਅਤੇ ਪਿੰਡ ਲਖਣਪਾਲ ਤਹਿਸੀਲ ਫਿਲੌਰ, ਜਲੰਧਰ ਵਿਖੇ ਮੁੱਖ ਮੰਤਰੀ ਭਗਵੰਤ ਮਾਨ ਦਾ 04 ਮਈ ਨੂੰ ਪ੍ਰੋਗਰਾਮ ਹੈ।

ਯੂਨੀਅਨ ਵੱਲੋਂ ਫੈਸਲਾ ਲਿਆ ਗਿਆ ਹੈ ਕਿ ਮੁੱਖ ਮੰਤਰੀ ਨੂੰ ਕਾਲੇ ਝੰਡੇ ਦਿਖਾਏ ਜਾਣਗੇ ਅਤੇ ਪ੍ਰੋਗਰਾਮ ਦੇ ਦੌਰਾਨ ਨਾਅਰੇਬਾਜ਼ੀ ਕੀਤੇ ਜਾਵੇਗੀ। ਉਨ੍ਹਾਂ ਕਿਹਾ ਕਿ ਸਮੂਹ ਆਈ. ਈ. ਏ ਟੀ ਅਧਿਆਪਕ ਸਾਥੀਆਂ ਨੂੰ ਪਹੁੰਚਣਗੇ। ਇਹ ਜਾਣਕਾਰੀ ਸਟੇਟ ਪ੍ਰਧਾਨ ਗੁਰਲਾਲ ਸਿੰਘ ਟੂਰ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਸਾਹਿਬਾਨ ਪ੍ਰਧਾਨ ਤਰਨਦੀਪ ਸਿੰਘ ਅਤੇ ਰਾਕੇਸ਼ ਕੁਮਾਰ ਨੇ ਦਿੱਤੀ।

ਇਸ ਸਬੰਧੀ ਐਸਡੀਐਮ ਫਿਲੌਰ ਨੂੰ ਦਿੱਤਾ ਗਿਆ, ਜਿਸ ਵਿੱਚ ਮੈਡਮ ਕਸ਼ਮੀਰ ਕੌਰ ਤੇ ਮੈਡਮ ਬਲਜਿੰਦਰ ਕੌਰ ਫਿਲੌਰ ਹਜ਼ਾਰ ਸਨ।

# ਡੀਡਾ ਸਾਂਸੀਆਂ ਵਿਖੇ ਨਹਿਰੀ ਵਿਭਾਗ ਦੀ ਜ਼ਮੀਨ ਤੇ ਨਸ਼ਾ ਤਸਕਰਾਂ ਵੱਲੋਂ ਨਾਜਾਇਜ਼ ਕਬਜ਼ਾ ਕਰਕੇ ਬਣਾਏ 2 ਘਰਾਂ ਤੇ ਹੋਈ ਬੁਲਡੋਜ਼ਰ ਕਾਰਵਾਈ

ਦੀਨਾਨਗਰ/ਗੁਰਦਾਸਪੁਰ, 15 ਮਈ ( ਡਾ.ਰਮੇਸ਼ ਸਰੰਗਲ ) - ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਗੁਰਦਾਸਪੁਰ ਪੁਲੀਸ ਨੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪਿੰਡ ਡੀਡਾ ਸਾਂਸੀਆਂ ਦੇ ਨਸ਼ਾ ਵੇਚਣ ਵਾਲੇ ਤਸਕਰਾਂ ਉੱਪਰ ਵੱਡਾ ਬੁਲਡੋਜ਼ਰ ਐਕਸ਼ਨ ਕਰਦਿਆਂ 2 ਨਸ਼ਾ ਤਸਕਰਾਂ ਦੇ ਘਰ ਢਾਹ ਦਿੱਤੇ ਹਨ। ਪਿੰਡ ਡੀਡਾ ਸਾਂਸੀਆਂ ਦੇ ਇਨ੍ਹਾਂ ਨਸ਼ਾ ਤਸਕਰਾਂ ਉੱਪਰ ਨਸ਼ਾ ਵੇਚਣ ਦੇ ਕਈ ਕੇਸ ਦਰਜ ਸਨ ਅਤੇ ਇਨ੍ਹਾਂ ਨੇ ਆਪਣੇ ਘਰ ਨਹਿਰੀ ਵਿਭਾਗ ਦੀ ਸਰਕਾਰੀ ਜ਼ਮੀਨ ਉੱਪਰ ਕਬਜ਼ਾ ਕਰਕੇ ਬਣਾਏ ਹੋਏ ਸਨ।



ਗੁਰਦਾਸਪੁਰ ਪੁਲੀਸ ਵੱਲੋਂ ਅੱਜ ਸਵੇਰੇ 11:00 ਵਜੇ ਪਿੰਡ ਡੀਡਾ ਸਾਂਸੀਆਂ ਵਿਖੇ ਨਸ਼ਾ ਤਸਕਰਾਂ ਵੱਲੋਂ ਨਹਿਰੀ ਵਿਭਾਗ ਦੀ ਜ਼ਮੀਨ ਉੱਪਰ ਬਣਾਏ ਨਜਾਇਜ਼ ਘਰਾਂ ਨੂੰ ਬੁਲਡੋਜ਼ਰ ਨਾਲ ਢਾਹੁਣ ਦੀ ਕਾਰਵਾਈ ਸ਼ੁਰੂ ਕੀਤੀ। ਇਸ ਕਾਰਵਾਈ ਦੀ ਅਗਵਾਈ ਐੱਸ.ਐੱਸ.ਪੀ. ਗੁਰਦਾਸਪੁਰ ਸ੍ਰੀ ਆਦਿੱਤਯ, ਐੱਸ.ਡੀ.ਐੱਮ. ਦੀਨਾਨਗਰ ਸ. ਜਸਪਿੰਦਰ ਸਿੰਘ ਭੁੱਲਰ ਅਤੇ ਐੱਸ.ਪੀ. ਜੁਗਰਾਜ ਸਿੰਘ ਵੱਲੋਂ ਕੀਤੀ ਗਈ, ਜਦਕਿ ਇਸ ਮੌਕੇ ਡਿਊਟੀ ਮੈਜਿਸਟਰੇਟ ਨਾਇਬ ਤਹਿਸੀਲਦਾਰ ਦਲਵਿੰਦਰ ਸਿੰਘ ਅਤੇ ਨਹਿਰੀ ਵਿਭਾਗ ਦੇ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।

ਇਸ ਬੁਲਡੋਜ਼ਰ ਕਾਰਵਾਈ ਬਾਰੇ ਜਾਣਕਾਰੀ ਦਿੰਦਿਆਂ ਐੱਸ.ਐੱਸ.ਪੀ. ਗੁਰਦਾਸਪੁਰ ਸ੍ਰੀ ਆਦਿੱਤਯ ਨੇ ਦੱਸਿਆ ਕਿ ਜਲ ਸਰੋਤ ਵਿਭਾਗ ਨੇ ਪੁਲੀਸ ਨੂੰ ਲਿਖਤੀ ਰੂਪ ਵਿੱਚ ਰਿਪੋਰਟ ਦਿੱਤੀ ਸੀ ਕਿ ਪਿੰਡ ਡੀਡਾ ਸਾਂਸੀਆਂ ਵਿਖੇ ਬਲਜਿੰਦਰ ਸਿੰਘ

ਲੋਕ ਬਾਣੀ

ਅਤੇ ਲਖਵਿੰਦਰ ਸਿੰਘ ਨੇ ਨਹਿਰੀ ਵਿਭਾਗ ਦੀ ਜ਼ਮੀਨ ਉੱਪਰ ਕਬਜ਼ੇ ਕਰਕੇ ਆਪਣੇ ਘਰਾਂ ਦੀ ਨਜਾਇਜ਼ ਉਸਾਰੀ ਕੀਤੀ ਹੈ। ਉਨ੍ਹਾਂ ਕਿਹਾ ਕਿ ਜਲ ਸਰੋਤ ਵਿਭਾਗ ਵੱਲੋਂ ਮਿਲੀ ਰਿਪੋਰਟ ਦੇ ਅਧਾਰ ਤੇ ਪੁਲਿਸ ਵੱਲੋਂ ਸਾਰੇ ਮਾਮਲੇ ਦੀ ਜਾਂਚ ਕੀਤੀ ਗਈ ਅਤੇ ਇਹ ਵੀ ਪਾਇਆ ਗਿਆ ਕਿ ਇਹ ਦੋਵੇਂ ਵਿਅਕਤੀ ਨਸ਼ਾ ਤਸਕਰੀ ਵਿੱਚ ਵੀ ਸ਼ਾਮਲ ਹਨ ਅਤੇ ਗੁਰਦਾਸਪੁਰ ਪੁਲਿਸ ਵੱਲੋਂ ਪਹਿਲਾਂ ਹੀ ਬਲਜਿੰਦਰ ਸਿੰਘ ਖ਼ਿਲਾਫ਼ ਐਨ.ਡੀ.ਪੀ.ਐੱਸ. ਐਕਟ ਅਤੇ ਐਕਸਾਈਜ਼ ਐਕਟ ਦੇ 10 ਪਰਚੇ ਜਦਕਿ ਲਖਵਿੰਦਰ ਸਿੰਘ ਖ਼ਿਲਾਫ਼ ਐਨ.ਡੀ.ਪੀ.ਐੱਸ. ਐਕਟ ਅਤੇ ਐਕਸਾਈਜ਼ ਐਕਟ ਦੇ 12 ਪਰਚੇ ਦਰਜ ਸਨ।

ਜ਼ਿਲ੍ਹਾ ਪੁਲਿਸ ਮੁਖੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖ਼ਿਲਾਫ਼ ਜ਼ੀਰੋ ਟਾਲਰੈਂਸ ਨੀਤੀ ਅਪਣਾਈ ਜਾ ਰਹੀ ਹੈ ਅਤੇ ਨਸ਼ਿਆਂ ਦੇ ਤਸਕਰਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ, ਜਿਸ ਤਹਿਤ ਅੱਜ ਪਿੰਡ ਡੀਡਾ ਸਾਂਸੀਆਂ ਵਿਖੇ ਵੀ ਨਸ਼ਾ ਤਸਕਰਾਂ ਖ਼ਿਲਾਫ਼ ਇਹ ਕਾਰਵਾਈ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨਿਰੰਤਰ ਜਾਰੀ ਰਹੇਗੀ ਅਤੇ ਨਸ਼ਿਆਂ ਦੇ ਕਾਰੋਬਾਰ ਵਿੱਚ ਸ਼ਾਮਲ ਤਸਕਰਾਂ ਨੂੰ ਕਿਸੇ ਵੀ ਸੂਰਤ ਵਿੱਚ ਬਖ਼ਸ਼ਿਆ ਨਹੀਂ ਜਾਵੇਗਾ।

ਗੁਰਦਾਸਪੁਰ ਪੁਲੀਸ ਦੀ ਇਸ ਕਾਰਵਾਈ ਸਮੇਂ ਮੌਕੇ ▾ਤੇ ਪਹੁੰਚੇ ਇਲਾਕਾ ਨਿਵਾਸੀ ਕਾਫ਼ੀ ਉਤਸ਼ਾਹ ਵਿੱਚ ਦਿਖਾਈ ਦਿੱਤੇ ਅਤੇ ਉਨ੍ਹਾਂ ਨੇ ਪੁਲੀਸ ਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਇਸ ਕਾਰਵਾਈ ਦੀ ਸ਼ਲਾਘਾ ਕੀਤੀ। ਇਸ ਮੌਕੇ ਡੀ.ਐੱਸ.ਪੀ. ਦੀਨਾਨਗਰ ਰਜਿੰਦਰ ਮਨਹਾਸ, ਡੀ.ਐੱਸ.ਪੀ. ਗੁਰਦਾਸਪੁਰ ਸ੍ਰੀ ਸੁਖਰਾਜ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪੁਲਿਸ ਮੁਲਾਜ਼ਮ ਹਾਜ਼ਰ ਸਨ।

# ਸਵਾਮੀ ਸੰਤ ਦਾਸ ਪਬਲਿਕ ਸਕੂਲ ਦੇ ਵਿਦਿਆਰਥੀ ਤੇਜਸ ਡੱਡਵਾਲ ਨੂੰ ਬਾਰਵੀਂ ਦੀ ਪ੍ਰੀਖਿਆ 'ਚ ਮਿਲੇ 94% ਅੰਕ





ਫਗਵਾੜਾ ( ਸੁਸ਼ੀਲ ਸ਼ਰਮਾ ) ਸਵਾਮੀ ਸੰਤ ਦਾਸ ਪਬਲਿਕ ਸਕੂਲ ਦੇ ਹੋਣਹਾਰ ਵਿਦਿਆਰਥੀ ਅਤੇ ਰਾਏਪੁਰ ਡੱਬਾ ਓਲੰਪਿਕ ਰੈਸਲਿੰਗ ਕਲੱਬ ਪਰਮ ਨਗਰ ਖੋਥੜਾਂ ਰੋਡ ਫਗਵਾੜਾ ਦੇ ਪਹਿਲਵਾਨ ਤੇਜਸ ਡੱਡਵਾਲ ਨੇ ਸੀ.ਬੀ.ਐਸ.ਈ. ਬੋਰਡ ਦੀ ਬਾਰਵੀਂ ਕਾਮਰਸ ਗਰੁੱਪ ਦੀ ਸਲਾਨਾ ਪ੍ਰੀਖਿਆ 'ਚ 94% ਅੰਕ ਹਾਸਲ ਕੀਤੇ ਹਨ। ਵਿਦਿਆਰਥੀ ਦੀ ਇਸ ਪ੍ਰਾਪਤੀ ਨੂੰ ਲੈ ਕੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਸਕੂਲ ਪ੍ਰਿੰਸੀਪਲ ਅੰਜੂ ਮਹਿਤਾ ਨੇ ਕਿਹਾ ਕਿ ਉਹਨਾਂ ਨੂੰ ਤੇਜਸ ਡੱਡਵਾਲ ਵਰਗੇ ਵਿਦਿਆਰਥੀਆਂ 'ਤੇ ਫ਼ਖ਼ਰ ਹੈ ਜੋ ਖਿਡਾਰੀ ਹੋਣ ਦੇ ਬਾਵਜੂਦ ਪੜ੍ਹਾਈ 'ਚ ਵੀ ਪੂਰੀ ਤਨਦੇਹੀ ਦੇ ਨਾਲ ਉੱਚੀ ਪੁਜੀਸ਼ਨ ਹਾਸਲ ਕਰਦੇ ਹਨ। ਤੇਜਸ ਦੇ ਦਾਦਾ ਕਲਿਆਣ ਸਿੰਘ ਡੱਡਵਾਲ, ਦਾਦੀ ਨੀਲਮ ਡੱਡਵਾਲ, ਪਿਤਾ ਵਿਸ਼ਾਲ ਨੰਨ੍ਹਾ ਡੱਡਵਾਲ ਤੇ ਮਾਤਾ ਜਯੋਤੀ ਡੱਡਵਾਲ ਨੇ ਦੱਸਿਆ ਕਿ ਤੇਜਸ ਤੇ ਉਹਨਾਂ ਨੂੰ ਬਹੁਤ ਮਾਣ ਹੈ। ਕਿਉਂਕਿ ਉਹ ਜਿੱਥੇ ਰੈਸਲਿੰਗ 'ਚ ਬਹੁਤ ਸਾਰੇ ਗੋਲਡ ਮੈਡਲ ਜਿੱਤ ਰਿਹਾ ਹੈ, ਉੱਥੇ ਹੀ ਪੜ੍ਹਾਈ ਨੂੰ ਲੈ ਕੇ ਵੀ ਪੂਰੀ ਤਰ੍ਹਾਂ ਗੰਭੀਰ ਹੈ। ਆਮ ਤੌਰ ਤੇ ਖਿਡਾਰੀਆਂ ਦਾ ਜਿਆਦਾ ਧਿਆਨ ਖੇਡ 'ਚ ਹੋਣ ਕਰਕੇ ਪੜ੍ਹਾਈ 'ਚ ਜਿਆਦਾ ਕੁੱਝ ਹਾਸਲ ਨਹੀਂ ਕਰ ਪਾਉਂਦੇ। ਲੇਕਿਨ ਤੇਜਸ ਨੇ ਦਿਨ-ਰਾਤ ਸਖ਼ਤ ਮਿਹਨਤ ਕੀਤੀ। ਜਿਸਦਾ ਨਤੀਜਾ ਉਸਦੇ ਬਾਰਵੀਂ ਜਮਾਤ ਦੇ ਰਿਜਲਟ ਦੇ ਰੂਪ ਵਿਚ ਸਾਹਮਣੇ ਹੈ। ਤੇਜਸ ਦੇ ਤਾਇਆ ਸੁਨੀਲ ਡੱਡਵਾਲ, ਤਾਈ ਨੀਤੂ ਡੱਡਵਾਲ, ਭੂਆ ਰੇਨੂੰ ਡੱਡਵਾਲ ਭਰਾ ਮੰਨਿਤ ਡੱਡਵਾਲ ਅਤੇ ਭੈਣ ਦਿਵਯਾਂਸ਼ੀ ਡੱਡਵਾਲ ਨੇ ਵੀ ਉਸਦਾ ਮੂੰਹ ਮਿੱਠਾ ਕਰਵਾਇਆ ਅਤੇ ਚੰਗੇ ਕੈਰੀਅਰ ਲਈ ਸ਼ੁੱਭ ਇੱਛਾਵਾਂ ਦਿੱਤੀਆਂ। ਉਹਨਾਂ ਪਰਮਾਤਮਾ ਅੱਗੇ ਅਰਦਾਸ ਕੀਤੀ ਕਿ ਤੇਜਸ ਆਪਣੀ ਲਗਨ ਤੇ ਮਿਹਨਤ ਸਦਕਾ ਪੜ੍ਹਾਈ ਅਤੇ ਖੇਡਾਂ 'ਚ ਪੰਜਾਬ ਤੇ ਭਾਰਤ ਦਾ ਨਾਮ ਰੌਸ਼ਨ ਕਰੇ।

ਲੋਕ ਬਾਣੀ

# ਮਾਂ ਅੰਬੇ ਸਕੂਲ ਨੇ ਚੰਗੇ ਅੰਕ ਲੈਣ 'ਤੇ ਬਾਰਵੀਂ ਦੀਆਂ ਵਿਦਿਆਰਥਣਾਂ ਦੀ ਕੀਤੀ ਹੌਸਲਾ ਅਫਜਾਈ



ਫਗਵਾੜਾ 15 ਮਈ ( ਸੁਸ਼ੀਲ ਸ਼ਰਮਾ ) ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਮਾਰਚ 2025 ਵਿੱਚ ਲਈ ਗਈ ਬਾਰਵੀਂ ਜਮਾਤ ਦੀ ਬੋਰਡ ਪ੍ਰੀਖਿਆ 'ਚ ਸ਼ਾਨਦਾਰ ਪ੍ਰਦਰਸ਼ਨ ਕਰਨ 'ਤੇ ਮਾਂ ਅੰਬੇ ਗਰਲਜ਼ ਸੀਨੀਅਰ ਸੈਕੇਂਡਰੀ ਸਕੂਲ ਭਾਣੋਕੀ (ਫਗਵਾੜਾ) ਵਲੋਂ ਹੋਣਹਾਰ ਵਿਦਿਆਰਥਣਾਂ ਦੀ ਹੌਸਲਾ ਅਫਜਾਈ ਕੀਤੀ ਗਈ। ਇਸ ਦੌਰਾਨ ਸਮੂਹ ਵਿਦਿਆਰਥਣਾਂ ਨੂੰ ਚੰਗੇ ਭਵਿੱਖ ਦੀਆਂ ਸ਼ੁੱਭ ਇੱਛਾਵਾਂ ਦਿੰਦਿਆਂ ਚੇਅਰਮੈਨ ਨਿਰਮਲ ਸਿੰਘ ਅਤੇ ਹਰਭਜਨ ਕੌਰ, ਸਕੂਲ ਦੇ ਸਰਪ੍ਰਸਤ ਕੇ.ਕੇ. ਸਰਦਾਨਾ, ਪ੍ਰਧਾਨ ਸੌਦਾਗਰ ਸਿੰਘ, ਸਕੱਤਰ ਅਵਤਾਰ ਸਿੰਘ ਅਤੇ ਪ੍ਰਿੰਸੀਪਲ ਕੁਲਵਿੰਦਰ ਕੌਰ ਨੇ ਦੱਸਿਆ ਕਿ ਸਕੂਲ ਦੀਆਂ ਕੁੱਲ 30 ਵਿਦਿਆਰਥਣਾਂ ਨੇ ਬਾਰਵੀਂ ਬੋਰਡ ਦੀ ਪ੍ਰੀਖਿਆ ਦਿੱਤੀ। ਜਿਹਨਾਂ ਵਿਚੋਂ 19 ਵਿਦਿਆਰਥਣਾਂ ਨੇ 90% ਤੋਂ ਵੱਧ ਅੰਕ ਜਦਕਿ 8 ਵਿਦਿਆਰਥਣਾਂ ਨੇ 80% ਤੋਂ ਵੱਧ ਅਤੇ ਤਿੰਨ ਵਿਦਿਆਰਥਣਾਂ ਨੇ 70% ਤੋਂ ਜਿਆਦਾ ਅੰਕ ਪ੍ਰਾਪਤ ਕੀਤੇ ਹਨ। ਇਸ ਦੌਰਾਨ 97.6% ਅੰਕ ਹਾਸਲ ਕਰਕੇ ਮੈਰਿਟ ਸੂਚੀ ਵਿਚ ਸ਼ਾਮਲ ਹੋਈ ਸਕੂਲ ਦੀ ਹੋਣਹਾਰ ਵਿਦਿਆਰਥਣ ਸਿਮਰਨਜੀਤ ਕੌਰ ਪੁੱਤਰੀ ਇੰਦਰਜੀਤ ਸਿੰਘ ਦੀ ਖਾਸ ਤੌਰ ਤੇ ਸ਼ਲਾਘਾ ਕੀਤੀ ਗਈ। ਉਹਨਾਂ ਨੇ ਸਮੂਹ ਵਿਦਿਆਰਥਣਾਂ ਦੇ ਚੰਗੇ ਭਵਿੱਖ ਦੀ ਕਾਮਨਾ ਕਰਦਿਆਂ ਜੀਵਨ 'ਚ ਸਫਲਤਾ ਹਾਸਲ ਕਰਨ ਲਈ ਸਖ਼ਤ ਮਿਹਨਤ ਕਰਨ ਲਈ ਪ੍ਰੇਰਿਆ।

# ਜੀ.ਡੀ.ਆਰ ਕਾਨਵੈਂਟ ਸੀ. ਸੈ. ਸਕੂਲ ਦਾ ਨਤੀਜਾ ਰਿਹਾ 100 ਫ਼ੀਸਦੀ

ਫਗਵਾੜਾ -15 ਮਈ:- (ਸੁਸ਼ੀਲ ਸ਼ਰਮਾ )ਜੀ.ਡੀ.ਆਰ ਕਾਨਵੈਂਟ ਸੀ. ਸੈ. ਸਕੂਲ ,ਹੁਸ਼ਿਆਰਪੁਰ ਰੋਡ, ਫ਼ਗਵਾੜਾ ਵਿੱਚ ਸੀ. ਬੀ. ਐੱਸ. ਈ. ਵਲੋਂ ਘੋਸ਼ਿਤ ਦਸਵੀਂ ਜਮਾਤ ਦਾ ਨਤੀਜਾ ਬਹੁਤ ਹੀ ਸ਼ਾਨਦਾਰ ਰਿਹਾ । ਜਿਸ ਵਿੱਚ ਸਕੂਲ ਦੇ ਵਿਦਿਆਰਥੀਆਂ ਨੇ ਹਰ ਵਿਸ਼ੇ ਵਿੱਚੋਂ ਬਹੁਤ ਵਧੀਆ ਅੰਕ ਪ੍ਰਾਪਤ ਕੀਤੇ। ਪ੍ਰਿੰਸੀਪਲ ਮੈਡਮ ਮਾਧਵੀ ਜੀ ਨੇ ਦੱਸਿਆ ਕਿ ਦਸਵੀਂ ਜਮਾਤ ਵਿਚ ਦਾਖਲ ਹੋਏ 103 ਵਿਦਿਆਰਥੀਆਂ ਦਾ ਨਤੀਜਾ ਬਹੁਤ ਵਧੀਆ ਰਿਹਾ ਹੈ । ਸਕੂਲ ਦਾ ਨਤੀਜਾ 100 ਫੀਸਦੀ ਰਿਹਾ, ਜਿਸ ਵਿਚੋਂ ਰਾਜਬੀਰ ਕੌਰ ਨੇ 93.4%, ਪ੍ਰਨੀਤ ਕੌਰ ਨੇ 93%, ਸਾਨਿਆ ਨੇ 91.4%, ਪਾਰੁਸ਼ੀ ਨੇ 91.2%, ਮਾਨਸੀ ਕੁਮਾਰੀ ਨੇ 90.8%, ਅਮਨ ਸ਼ਰਮਾ ਨੇ 88.4%, ਨਿਮਰਦੀਪ ਕੌਰ ਨੇ 87.8%, ਸਾਹਿਲ ਚੌਰਸੀਆ ਨੇ 87.4 %, ਮਾਨਸੀ ਕੁਮਾਰੀ ਨੇ 87.2 %, ਅਮਨਦੀਪ ਕੌਰ ਨੇ 85%, ਨਵਤੇਜ ਕੌਰ ਨੇ 85.8%, ਖੁਸ਼ਮੀਤ ਕੌਰ ਨੇ 84.4%, ਵੰਸ਼ਿਕਾ ਅਰੋੜਾ ਨੇ 84.2%, ਰਵਨੀਤ ਕੌਰ ਪਰਮਾਰ ਨੇ 83.2%, ਜਗਮੀਤ ਸਿੰਘ ਨੇ 82%, ਸੁਨੈਨਾ ਨੇ 81.6%, ਪਰਵੀਨ ਕੌਰ ਨੇ 81.4%, ਮੁਕੁਲ ਕੁਮਾਰ ਨੇ 80.6% ਅੰਕ ਪ੍ਰਾਪਤ ਕੀਤੇ।




ਬੱਚਿਆਂ ਨੇ ਵੀ ਹਰ ਵਿਸ਼ੇ ਵਿੱਚ ਚੰਗੇ ਅੰਕ ਪ੍ਰਾਪਤ ਕੀਤੇ ਜਿਸ ਵਿੱਚ ਅਮਨ ਸ਼ਰਮਾ ਅਤੇ ਪ੍ਰਨੀਤ ਕੌਰ ਨੇ ਸਮਾਜਿਕ ਵਿਗਿਆਨ ਵਿੱਚ 95 ਅੰਕ, ਸਾਨਿਆ ਨੇ ਪੰਜਾਬੀ ਵਿੱਚ 98 ਅੰਕ, ਰਾਜਬੀਰ ਕੌਰ, ਸਾਨਿਆ, ਪ੍ਰਨੀਤ ਕੌਰ ਅਤੇ ਸਾਹਿਲ ਚੌਰਸੀਆ ਨੇ ਸੂਚਨਾ ਤਕਨਾਲੋਜੀ ਵਿੱਚ 96 ਅੰਕ, ਸਾਨਿਆ ਨੇ ਸਾਇੰਸ ਵਿੱਚ 85 ਅੰਕ, ਰਾਜਬੀਰ ਕੌਰ ਨੇ ਅੰਗਰੇਜ਼ੀ ਵਿੱਚ 94 ਅੰਕ, ਪ੍ਰਨੀਤ ਕੁਮਾਰ ਨੇ ਗਣਿਤ ਵਿੱਚ 82 ਅੰਕ, ਮਾਨਸੀ ਕੁਮਾਰੀ ਅਤੇ ਪ੍ਰਨੀਤ ਕੌਰ ਨੇ ਹਿੰਦੀ ਵਿੱਚ 91 ਅੰਕ ਪ੍ਰਾਪਤ ਕੀਤੇ ।ਨਤੀਜੇ ਤੋਂ ਬਾਅਦ ਬੱਚਿਆਂ ਵਿੱਚ ਖੁਸ਼ੀ ਦਾ ਕੋਈ ਠਿਕਾਣਾ ਨਾ ਰਿਹਾ। ਇਸ ਮੌਕੇ ਤੇ ਸਕੂਲ ਦੇ ਪ੍ਰਿੰਸੀਪਲ ਮੈਡਮ ਮਾਧਵੀ ਜੀ ਨੇ ਬੱਚਿਆਂ, ਸਟਾਫ ਅਤੇ ਮਾਤਾ -ਪਿਤਾ ਨੂੰ ਵਧਾਈ ਦਿੱਤੀ ਤੇ ਬੱਚਿਆਂ ਨੂੰ ਉਹਨਾਂ ਦੇ ਆਉਣ ਵਾਲੇ ਭਵਿੱਖ ਦੀਆਂ ਸ਼ੁਭਕਾਮਨਾਵਾਂ ਵੀ ਦਿੱਤੀਆਂ। ਉਨ੍ਹਾਂ ਨੇ ਕਿਹਾ ਕਿ ਜੀ.ਡੀ.ਆਰ. ਸੰਸਥਾ ਬੱਚਿਆਂ ਦੀ ਗੁਣਵੰਤਾ ਭਰਪੂਰ ਸਿੱਖਿਆ ਲਈ ਯਤਨਸ਼ੀਲ ਰਹੇਗੀ । ਸਕੂਲ ਦੇ ਚੇਅਰਮੈਨ ਜੀ ਨੇ ਇਸ ਮੌਕੇ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ । ਉਹਨਾਂ ਨੇ ਸਕੂਲ ਦੇ ਪ੍ਰਿੰਸੀਪਲ ਅਤੇ ਮਿਹਨਤੀ ਸਟਾਫ ਦੀ ਪ੍ਰਸ਼ੰਸਾ ਕੀਤੀ ਅਤੇ ਧੰਨਵਾਦ ਕੀਤਾ।

# ਜੋਗਿੰਦਰ ਸਿੰਘ ਮਾਨ ਨੇ ਗਉਸ਼ਾਲਾ ਰੋਡ ਵਿਖੇ ਸੀਵਰੇਜ ਸਫਾਈ ਦੀ ਕਰਵਾਈ ਸ਼ੁਰੂਆਤ



ਫਗਵਾੜਾ 15 ਮਈ ( ਸੁਸ਼ੀਲ ਸ਼ਰਮਾ ) ਬਰਸਾਤਾਂ ਦੇ ਮੌਸਮ 'ਚ ਸ਼ਹਿਰ ਦੇ ਮੁੱਖ ਬਾਜਾਰ ਗਉਸ਼ਾਲਾ ਰੋਡ ਵਿਖੇ ਬਰਸਾਤੀ ਪਾਣੀ ਦੀ ਵੱਡੀ ਸਮੱਸਿਆ ਨੂੰ ਦੇਖਦੇ ਹੋਏ ਅੱਜ ਸੀਵਰੇਜ ਦੀ ਸਫਾਈ ਦੇ ਕੰਮ ਦੀ ਸ਼ੁਰੂਆਤ ਵਿਧਾਨਸਭਾ ਹਲਕਾ ਫਗਵਾੜਾ ਦੇ ਇੰਚਾਰਜ ਜੋਗਿੰਦਰ ਸਿੰਘ ਮਾਨ ਵਲੋਂ ਮੇਅਰ ਰਾਮਪਾਲ ਉੱਪਲ ਦੀ ਹਾਜਰੀ 'ਚ ਸੀਵਰੇਜ ਬੋਰਡ ਦੇ ਅਧਿਕਾਰੀਆਂ ਦੇ ਸਹਿਯੋਗ ਨਾਲ ਕਰਵਾਈ ਗਈ। ਇਸ ਮੌਕੇ ਉਹਨਾਂ ਦੱਸਿਆ ਕਿ ਫਗਵਾੜਾ ਸ਼ਹਿਰ ਦੇ ਮੁੱਖ ਬਾਜਾਰਾਂ ਜਿਵੇਂ ਗਉਸ਼ਾਲਾ ਬਾਜਾਰ, ਸੁਭਾਸ਼ ਨਗਰ, ਸਰਾਏ ਰੋਡ, ਮੰਡੀ ਰੋਡ, ਗੁਰੂ ਹਰਗੋਬਿੰਦ ਨਗਰ, ਸੈਂਟਰਲ ਟਾਊਨ ਆਦਿ 'ਚ ਬਰਸਾਤ ਸਮੇਂ ਕਈ ਫੁੱਟ ਪਾਣੀ ਖੜ ਹੋਣ ਦੀ ਸਮੱਸਿਆ ਬਹੁਤ ਪੁਰਾਣੀ ਹੈ। ਜਿਸ ਨੂੰ ਦੇਖਦੇ ਹੋਏ ਸੀਵਰੇਜ ਬੋਰਡ ਦੇ ਸਹਿਯੋਗ ਨਾਲ ਸੀਵਰੇਜ ਦੀ ਸਫਾਈ ਦਾ ਕੰਮ ਅਰੰਭਿਆ ਗਿਆ ਹੈ। ਉਹਨਾਂ ਭਰੋਸਾ ਦਿੱਤਾ ਕਿ ਬਰਸਾਤ ਦਾ ਮੌਸਮ ਸ਼ੁਰੂ ਹੋਣ ਤੋਂ ਪਹਿਲਾਂ ਲੋੜ ਅਨੁਸਾਰ ਸ਼ਹਿਰ ਦੇ ਹਰ ਗਲੀ, ਮੁਹੱਲੇ, ਬਾਜਾਰ ਅਤੇ ਮੁੱਖ ਮਾਰਗਾਂ ਦੇ ਸੀਵਰੇਜ ਦੀ ਸਫਾਈ ਦਾ ਕੰਮ ਮੁਕੰਮਲ ਕਰ ਲਿਆ ਜਾਵੇਗਾ। ਤਾਂ ਜੋ ਬਰਸਾਤੀ ਪਾਣੀ ਨਾਲ ਦੁਕਾਨਦਾਰਾਂ, ਰਾਹਗੀਰਾਂ ਅਤੇ ਸਮੂਹ ਫਗਵਾੜਾ ਵਾਸੀਆਂ ਦਾ ਕਿਸੇ ਤਰ੍ਹਾਂ ਦਾ ਕੋਈ ਨੁਕਸਾਨ ਨਾ ਹੋਵੇ। ਗਉਸ਼ਾਲਾ ਬਾਜਾਰ ਦੇ ਸਮੂਹ ਦੁਕਾਨਦਾਰਾਂ ਨੇ ਜੋਗਿੰਦਰ ਸਿੰਘ ਤੋਂ ਇਲਾਵਾ ਮੇਅਰ ਰਾਮਪਾਲ ਉੱਪਲ ਅਤੇ ਸੀਵਰੇਜ ਬੋਰਡ ਦੇ ਇਸ ਉਪਰਾਲੇ ਲਈ ਤਹਿ ਦਿਲੋਂ ਧੰਨਵਾਦ ਕੀਤਾ। ਉਹਨਾਂ ਦੱਸਿਆ ਕਿ ਬਰਸਾਤ ਦਾ ਪਾਣੀ ਅਕਸਰ ਦੁਕਾਨਾਂ ਦੇ ਅੰਦਰ ਵੜ ਜਾਂਦਾ ਹੈ ਅਤੇ ਉਹਨਾਂ ਦਾ ਕਾਫੀ ਨੁਕਸਾਨ ਹੁੰਦਾ ਹੈ। ਉਹਨਾਂ ਨੂੰ ਖੁਸ਼ੀ ਹੈ ਕਿ ਹਲਕਾ ਇੰਚਾਰਜ ਜੋਗਿੰਦਰ ਮਾਨ ਨੇ ਉਹਨਾਂ ਦੀ ਇੱਸ ਮੁਸ਼ਕਿਲ ਦਾ ਨੋਟਿਸ ਲਿਆ ਅਤੇ ਅੱਜ ਸੀਵਰੇਜ ਦੀ ਸਫਾਈ ਸ਼ੁਰੂ ਹੋਈ ਹੈ। ਇਸ ਮੇਅਰ ਰਾਮਪਾਲ ਉੱਪਲ ਨੇ ਦੁਕਾਨਦਾਰਾਂ ਨੂੰ ਅਪੀਲ ਕੀਤੀ ਕਿ ਪਲਾਸਟਿਕ ਦੇ ਲਿਫਾਫੇ ਜਾਂ ਕੋਈ ਹੋਰ ਅਜਿਹਾ ਵੇਸਟ ਸਮਾਨ ਨਾਲੀਆਂ ਵਿਚ ਨਾ ਸੁੱਟਿਆ ਜਾਵੇ ਜਿਸ ਨਾਲ ਸੀਵਰੇਜ ਜਾਮ ਦੀ ਸਮੱਸਿਆ ਹੋ ਸਕਦੀ ਹੈ। ਇਸ ਮੌਕੇ ਆਪ ਪਾਰਟੀ ਦੇ ਪੰਜਾਬ ਸਪੋਕਸ ਪਰਸਨ ਹਰਨੂਰ ਸਿੰਘ ਮਾਨ, ਗੁਰਦੀਪ ਸਿੰਘ ਦੀਪਾ ਕੋਆਰਡੀਨੇਟਰ ਸਿੱਖਿਆ ਕ੍ਰਾਂਤੀ ਜਿਲ੍ਹਾ ਕਪੂਰਥਲਾ, ਓਮ ਪ੍ਰਕਾਸ਼ ਬਿੱਟੂ ਕੋਆਰਡੀਨੇਟਰ ਯੁੱਧ ਨਸ਼ਿਆਂ ਵਿਰੁੱਧ, ਮੋਹਨ ਸਿੰਘ ਗਾਂਧੀ, ਮਦਨ ਮੋਹਨ ਖੱਟਰ, ਪ੍ਰਦੀਪ ਚੋਟਾਨੀ ਐੱਸ.ਡੀ.ਓ ਸੀਵਰੇਜ ਅਤੇ ਵਾਟਰ ਸਪਲਾਈ ਵਿਭਾਗ ਤੋਂ ਇਲਾਵਾ ਹੋਰ ਵਿਭਾਗੀ ਅਧਿਕਾਰੀ ਅਤੇ ਪਤਵੰਤੇ ਹਾਜਰ ਸਨ।

# ਕਰਨਲ ਸੋਫੀਆ ਕੁਰੈਸ਼ੀ ਨੂੰ ਅੱਤਵਾਦੀਆਂ ਦੀ ਭੈਣ ਦੱਸਣ ਵਾਲੇ ਮੰਤਰੀ ਨੂੰ ਬਰਖਾਸਤ ਕਰੇ ਭਾਜਪਾ - ਕਰਮਜੀਤ ਬਿੱਟੂ



ਫਗਵਾੜਾ 15 ਮਈ ( ਸੁਸ਼ੀਲ ਸ਼ਰਮਾ ) ਜਿਲ੍ਹਾ ਕਾਂਗਰਸ ਸਕੱਤਰ ਕਰਮਜੀਤ ਸਿੰਘ ਬਿੱਟੂ ਨੇ ਮੱਧ ਪ੍ਰਦੇਸ਼ ਸਰਕਾਰ ਦੇ ਮੰਤਰੀ ਕੁੰਵਰ ਵਿਜੇ ਸ਼ਾਹ ਵਿਰੁੱਧ ਮਾਣਯੋਗ ਹਾਈਕੋਰਟ ਵਲੋਂ ਐਫ.ਆਈ.ਆਰ. ਦਰਜ ਕਰਨ ਦੇ ਦਿੱਤੇ ਹੁਕਮ ਦਾ ਸਵਾਗਤ ਕੀਤਾ ਹੈ। ਉਹਨਾਂ ਕਿਹਾ ਕਿ ਭਾਜਪਾ ਸਰਕਾਰ ਦੇ ਮੰਤਰੀ ਵਲੋਂ ਆਪ੍ਰੇਸ਼ਨ ਸਿੰਦੂਰ ਨੂੰ ਲੀਡ ਕਰਨ ਵਾਲੀ ਭਾਰਤੀ ਫੌਜ ਦੀ ਮਹਿਲਾ ਅਧਿਕਾਰੀ ਕਰਨਲ ਸੋਫੀਆ ਕੁਰੈਸ਼ੀ ਨੂੰ ਪਹਿਲਗਾਮ ਅੱਤਵਾਦੀ ਹਮਲਾ ਕਰਨ ਵਾਲਿਆਂ ਦੀ ਭੈਣ ਦੱਸਣਾ ਉਸ ਕੋਝੀ ਮਾਨਸਿਕਤਾ ਦੀ ਨਿਸ਼ਾਨੀ ਹੈ ਜੋ ਭਾਜਪਾ ਵਰਕਰਾਂ ਨੂੰ ਆਰ.ਐਸ.ਐਸ. ਵਲੋਂ ਘੁੱਟੀ 'ਚ ਦਿੱਤੀ ਜਾਂਦੀ ਹੈ। ਉਹਨਾਂ ਕਿਹਾ ਕਿ ਅਦਾਲਤ ਨੇ ਬਿਲਕੁਲ ਠੀਕ ਟਿੱਪਣੀ ਕੀਤੀ ਹੈ ਕਿ ਸ਼ਾਹ ਦਾ ਬਿਆਨ ਵੱਖਵਾਦੀ ਗਤੀਵਿਧੀਆਂ ਦੀਆਂ ਭਾਵਨਾਵਾਂ ਨੂੰ ਉਤਸ਼ਾਹਿਤ ਕਰਦਾ ਹੈ, ਉਹਨਾਂ ਕਿਹਾ ਕਿ ਭਾਜਪਾ ਦੇ ਬਹੁਤ ਸਾਰੇ ਆਗੂ ਹਨ ਜੋ ਮੁਸਲਿਮ ਭਾਈਚਾਰੇ ਖਿਲਾਫ ਅਕਸਰ ਗਲਤ ਟਿੱਪਣੀਆਂ ਕਰਕੇ ਭਾਈਚਾਰਕ ਸਾਂਝ 'ਚ ਦਰਾਰ ਪਾਉਣ ਦਾ ਯਤਨ ਕਰਦੇ ਹਨ। ਉਹਨਾਂ ਮੰਗ ਕੀਤੀ ਕਿ ਉਕਤ ਮੰਤਰੀ ਨੂੰ ਤੁਰੰਤ ਬਰਖਾਸਤ ਕਰਕੇ ਪਾਰਟੀ ਵਿਚੋਂ ਕੱਢਿਆ ਜਾਵੇ। ਜਿਕਰਯੋਗ ਹੈ ਕਿ ਬੀਤੇ ਦਿਨ ਭਾਜਪਾ ਦੇ ਮੰਤਰੀ ਵਿਜੇ ਸ਼ਾਹ ਦਾ ਭਾਸ਼ਣ ਵਾਇਰਲ ਹੋਇਆ ਸੀ। ਜਿਸ ਵਿਚ ਉਹ ਕਰਨਲ ਸੋਫੀਆ ਕੁਰੈਸ਼ੀ ਦੇ ਖਿਲਾਫ ਬਹੁਤ ਹੀ ਇਤਰਾਜ ਯੋਗ ਟਿੱਪਣੀ ਕਰਕੇ ਉਸ ਨੂੰ ਅੱਤਵਾਦੀਆਂ ਦੀ ਭੈਣ ਸੰਬੋਧਿਤ ਕਰਦੇ ਹਨ। ਜਿਸ ਦੀ ਪੂਰੇ ਦੇਸ਼ 'ਚ ਸਖਤ ਨਖੇਦੀ ਹੋ ਰਹੀ ਹੈ।

# ਬਲੱਡ ਬੈਂਕ ਫਗਵਾੜਾ ਵਿਖੇ ਲਗਾਇਆ ਦੰਦਾਂ ਅਤੇ ਜਬਾੜਿਆਂ ਦਾ 453ਵਾਂ ਫਰੀ ਕੈਂਪ



ਫਗਵਾੜਾ 15 ਮਈ ( ਸੁਸ਼ੀਲ ਸ਼ਰਮਾ ) ਬਲੱਡ ਬੈਂਕ ਗੁਰੂ ਹਰਗੋਬਿੰਦ ਨਗਰ ਫਗਵਾੜਾ ਵਿਖੇ ਮਾਤਾ ਠਾਕੁਰ ਦੇਵੀ ਅਤੇ ਨਾਨਕ ਚੰਦ ਸੇਠੀ ਦੀ ਮਿੱਠੀ ਯਾਦ ਨੂੰ ਸਮਰਪਿਤ ਦੰਦਾਂ ਅਤੇ ਜਬਾੜਿਆਂ ਦਾ 453ਵਾਂ ਫਰੀ ਕੈਂਪ ਬਲੱਡ ਬੈਂਕ ਦੇ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਦੀ ਨਿਗਰਾਨੀ ਹੇਠ ਲਗਾਇਆ ਗਿਆ। ਸਮਾਗਮ ਦੌਰਾਨ ਡਾ. ਗੁਰਪ੍ਰੀਤ ਕੌਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਹਨਾਂ ਦੇ ਨਾਲ ਸਤਿਕਾਰਤ ਮਹਿਮਾਨ ਵਜੋਂ ਡਾ. ਪੂਨਮ (ਮੋਹਨ ਸਿੰਘ ਹਸਪਤਾਲ) ਨੇ ਹਾਜਰੀ ਲਗਵਾਈ। ਮੁੱਖ ਮਹਿਮਾਨ ਡਾ. ਗੁਰਪ੍ਰੀਤ ਕੌਰ ਨੇ ਦੀਪ ਪ੍ਰਜਵੱਲਿਤ ਕਰਕੇ ਕੈਂਪ ਦਾ ਸ਼ੁੱਭ ਆਰੰਭ ਕਰਵਾਇਆ। ਇਸ ਮੌਕੇ 8 ਲੋੜਵੰਦ ਬਜ਼ੁਰਗਾਂ ਨੂੰ ਨਵੇਂ ਤਿਆਰ ਕੀਤੇ ਜਬਾੜੇ ਵੰਡਦਿਆਂ ਉਹਨਾਂ ਨੇ ਬਲੱਡ ਬੈਂਕ ਵਲੋਂ ਕੀਤੇ ਜਾ ਰਹੇ ਸਮਾਜ ਸੇਵੀ ਕਾਰਜਾਂ ਦੀ ਭਰਪੂਰ ਸ਼ਲਾਘਾ ਕੀਤੀ। ਕੈਂਪ ਦੌਰਾਨ ਸੀ.ਐਮ.ਸੀ. ਲੁਧਿਆਣਾ ਤੋਂ ਡਾ. ਤਮਨਪ੍ਰੀਤ ਸਿੰਘ ਦੀ ਅਗਵਾਈ 'ਚ ਪਹੁੰਚੀ ਮਾਹਿਰ ਡਾਕਟਰਾਂ ਦੀ 25 ਮੈਂਬਰੀ ਮੋਬਾਈਲ ਟੀਮ ਨੇ ਲਗਭਗ 120 ਮਰੀਜ਼ਾਂ ਦੇ ਦੰਦਾਂ ਦੀ ਜਾਂਚ ਕੀਤੀ। ਲੋੜਵੰਦਾਂ ਦੇ ਦੰਦ ਸਾਫ਼ ਕੀਤੇ ਗਏ ਅਤੇ ਲੋੜ ਅਨੁਸਾਰ ਦਵਾਈਆਂ ਦਿੱਤੀਆਂ ਗਈਆਂ। ਇਸ ਤੋਂ ਇਲਾਵਾ, ਮਰੀਜ਼ਾਂ ਦੇ ਟੁੱਟੇ ਦੰਦਾਂ ਦੀ ਫਿਲਿੰਗ ਵੀ ਕੀਤੀ ਗਈ। ਡਾ. ਤਮਨਪ੍ਰੀਤ ਨੇ ਹਾਜਰੀਨ ਨੂੰ ਦੰਦਾਂ ਦੀ ਸੰਭਾਲ ਬਾਰੇ ਜਾਗਰੁਕ ਵੀ ਕੀਤਾ। ਮਲਕੀਅਤ ਸਿੰਘ ਰਘਬੋਤਰਾ ਨੇ ਦੱਸਿਆ ਕਿ ਅਗਲਾ ਕੈਂਪ 2 ਜੂਨ ਦਿਨ ਸੋਮਵਾਰ ਨੂੰ ਲਗਾਇਆ ਜਾਵੇਗਾ। ਇਸ ਮੌਕੇ ਰੋਟੇਰੀਅਨ ਸਤਪਾਲ ਸੇਠੀ, ਅਨੀਤਾ ਸੇਠੀ, ਅਲੋਕ ਸੇਠੀ, ਗੌਰੀ ਸੇਠੀ ਤੋਂ ਇਲਾਵਾ ਕ੍ਰਿਸ਼ਨ ਕੁਮਾਰ, ਰੂਪ ਲਾਲ, ਗੁਲਸ਼ਨ ਕਪੂਰ, ਕੁਲਦੀਪ ਦੁੱਗਲ, ਮੋਹਨ ਲਾਲ ਤਨੇਜਾ, ਸੁਧਾ ਬੇਦੀ, ਐਨ.ਐਸ. ਸੈਣੀ, ਸ਼ਾਮ ਅਰੋੜੀ ਸ਼ੇਖੂਪੁਰੀਆ, ਰਾਜੇਸ਼ ਪਰਾਸ਼ਰ, ਰਾਕੇਸ਼ ਅੱਗਰਵਾਲ, ਰਾਮ ਲੁਭਾਇਆ, ਸੁਧੀਰ ਸ਼ਰਮਾ, ਬਬਲੀ ਸ਼ਰਮਾ, ਵੰਦਨਾ, ਸ਼ਰਮਾ, ਮਨੀਸ਼ ਕਨੌਜੀਆ, ਸੁਰਿੰਦਰ ਪਾਲ ਆਦਿ ਹਾਜਰ ਸਨ।

ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ । ਸੂਚਨਾਂ, ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜੰਮੇਵਾਰੀ ਨਹੀ ਲੈਂਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ । ਕਿ ਉਹ ਇੰਨਾ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀਕਰ ਲੈਣ।ਰੋਜ਼ਾਨਾਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀ । ਖਬਰਾਂ ਪ੍ਰਤੀ ਜਿੰਮੇਵਾਰੀ ਪੱਤਰਕਾਰ ਦੀ ਹੋਵੇਗੀ ।

Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com

# ਸਵਾਮੀ ਸੰਤ ਦਾਸ ਪਬਲਿਕ ਸਕੂਲ ਦੇ ਵਿਦਿਆਰਥੀ ਤੇਜਸ ਡੱਡਵਾਲ ਨੂੰ ਬਾਰਵੀਂ ਦੀ ਪ੍ਰੀਖਿਆ 'ਚ ਮਿਲੇ 94% ਅੰਕ



ਫਗਵਾੜਾ 15 ਮਈ ( ਸੁਸ਼ੀਲ ਸ਼ਰਮਾ ) ਸਵਾਮੀ ਸੰਤ ਦਾਸ ਪਬਲਿਕ ਸਕੂਲ ਦੇ ਹੋਣਹਾਰ ਵਿਦਿਆਰਥੀ ਅਤੇ ਰਾਏਪੁਰ ਡੱਬਾ ਓਲੰਪਿਕ ਰੈਸਲਿੰਗ ਕਲੱਬ ਪਰਮ ਨਗਰ ਖੋਥੜਾਂ ਰੋਡ ਫਗਵਾੜਾ ਦੇ ਪਹਿਲਵਾਨ ਤੇਜਸ ਡੱਡਵਾਲ ਨੇ ਸੀ.ਬੀ.ਐਸ.ਈ. ਬੋਰਡ ਦੀ ਬਾਰਵੀਂ ਕਾਮਰਸ ਗਰੁੱਪ ਦੀ ਸਲਾਨਾ ਪ੍ਰੀਖਿਆ 'ਚ 94% ਅੰਕ ਹਾਸਲ ਕੀਤੇ ਹਨ। ਵਿਦਿਆਰਥੀ ਦੀ ਇਸ ਪ੍ਰਾਪਤੀ ਨੂੰ ਲੈ ਕੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਸਕੂਲ ਪ੍ਰਿੰਸੀਪਲ ਅੰਜੂ ਮਹਿਤਾ ਨੇ ਕਿਹਾ ਕਿ ਉਹਨਾਂ ਨੂੰ ਤੇਜਸ ਡੱਡਵਾਲ ਵਰਗੇ ਵਿਦਿਆਰਥੀਆਂ 'ਤੇ ਫ਼ਖ਼ਰ ਹੈ ਜੋ ਖਿਡਾਰੀ ਹੋਣ ਦੇ ਬਾਵਜੂਦ ਪੜ੍ਹਾਈ 'ਚ ਵੀ ਪੂਰੀ ਤਨਦੇਹੀ ਦੇ ਨਾਲ ਉੱਚੀ ਪੁਜੀਸ਼ਨ ਹਾਸਲ ਕਰਦੇ ਹਨ। ਤੇਜਸ ਦੇ ਦਾਦਾ ਕਲਿਆਣ ਸਿੰਘ ਡੱਡਵਾਲ, ਦਾਦੀ ਨੀਲਮ ਡੱਡਵਾਲ, ਪਿਤਾ ਵਿਸ਼ਾਲ ਨੱਨ੍ਹਾ ਡੱਡਵਾਲ ਤੇ ਮਾਤਾ ਜਯੋਤੀ ਡੱਡਵਾਲ ਨੇ ਦੱਸਿਆ ਕਿ ਤੇਜਸ ਤੇ ਉਹਨਾਂ ਨੂੰ ਬਹੁਤ ਮਾਣ ਹੈ। ਕਿਉਂਕਿ ਉਹ ਜਿੱਥੇ ਰੈਸਲਿੰਗ 'ਚ ਬਹੁਤ ਸਾਰੇ ਗੋਲਡ ਮੈਡਲ ਜਿੱਤ ਰਿਹਾ ਹੈ, ਉੱਥੇ ਹੀ ਪੜ੍ਹਾਈ ਨੂੰ ਲੈ ਕੇ ਵੀ ਪੂਰੀ ਤਰ੍ਹਾਂ ਗੰਭੀਰ ਹੈ। ਆਮ ਤੌਰ ਤੇ ਖਿਡਾਰੀਆਂ ਦਾ ਜਿਆਦਾ ਧਿਆਨ ਖੇਡ 'ਚ ਹੋਣ ਕਰਕੇ ਪੜ੍ਹਾਈ 'ਚ ਜਿਆਦਾ ਕੁੱਝ ਹਾਸਲ ਨਹੀਂ ਕਰ ਪਾਉਂਦੇ। ਲੇਕਿਨ ਤੇਜਸ ਨੇ ਦਿਨ-ਰਾਤ ਸਖ਼ਤ ਮਿਹਨਤ ਕੀਤੀ। ਜਿਸਦਾ ਨਤੀਜਾ ਉਸਦੇ ਬਾਰਵੀਂ ਜਮਾਤ ਦੇ ਰਿਜਲਟ ਦੇ ਰੂਪ ਵਿਚ ਸਾਹਮਣੇ ਹੈ। ਤੇਜਸ ਦੇ ਤਾਇਆ ਸੁਨੀਲ ਡੱਡਵਾਲ, ਤਾਈ ਨੀਤੂ ਡੱਡਵਾਲ, ਭੂਆ ਰੇਨੂੰ ਡੱਡਵਾਲ ਭਰਾ ਮੰਨਿਤ ਡੱਡਵਾਲ ਅਤੇ ਭੈਣ ਦਿਵਯਾਂਸ਼ੀ ਡੱਡਵਾਲ ਨੇ ਵੀ ਉਸਦਾ ਮੂੰਹ ਮਿੱਠਾ ਕਰਵਾਇਆ ਅਤੇ ਚੰਗੇ ਕੈਰੀਅਰ ਲਈ ਸ਼ੁੱਭ ਇੱਛਾਵਾਂ ਦਿੱਤੀਆਂ। ਉਹਨਾਂ ਪਰਮਾਤਮਾ ਅੱਗੇ ਅਰਦਾਸ ਕੀਤੀ ਕਿ ਤੇਜਸ ਆਪਣੀ ਲਗਨ ਤੇ ਮਿਹਨਤ ਸਦਕਾ ਪੜ੍ਹਾਈ ਅਤੇ ਖੇਡਾਂ 'ਚ ਪੰਜਾਬ ਤੇ ਭਾਰਤ ਦਾ ਨਾਮ ਰੌਸ਼ਨ ਕਰੇ।

# ਸ਼ਰਾਬ ਹਾਦਸੇ ਦੇ ਵਿੱਚ 27 ਲੋਕਾਂ ਦੇ ਮਾਰੇ ਜਾਣ ਦੀ ਕੀਤੀ ਪੁਸ਼ਟੀ



ਅੰਮ੍ਰਿਤਸਰ, 15 ਮਈ (ਅਰਵਿੰਦਰ ਵੜੈਚ)– ਬੀਤੇ ਦਿਨੀ ਮਜੀਠਾ ਹਲਕੇ ਦੇ ਪਿੰਡਾਂ ਵਿੱਚ ਜ਼ਹਿਰੀਲੀ ਸ਼ਰਾਬ ਨਾਲ ਵਾਪਰੇ ਵੱਡੇ ਕਾਂਡ ਦੇ ਦੌਰਾਨ ਕੁੱਲ 27 ਲੋਕਾਂ ਦੇ ਮਾਰੇ ਜਾਣ ਦੀ ਪੁਸ਼ਟੀ ਕੀਤੀ ਗਈ ਹੈ। ਮਜੀਠੇ ਅਤੇ ਕੱਥੂ ਨੰਗਲ ਦੇ ਅਧੀਨ ਆਉਂਦੇ ਵੱਖ-ਵੱਖ ਪਿੰਡਾਂ ਦੇ ਵਿੱਚ ਜਹਰੀਲੀ ਸ਼ਰਾਬ ਕਹਿਰ ਬਣ ਕੇ ਸਾਹਮਣੇ ਆਈ ਹੈ।

ਇਸ ਦੌਰਾਨ ਰਾਹਤ ਦੀ ਖਬਰ ਮਿਲੀ ਹੈ ਕਿ ਇਸ ਹਾਦਸੇ ਦੇ ਛੇ ਪੀੜਤ ਜੋ ਕਿ ਇਲਾਜ ਲਈ ਗੁਰੂ ਨਾਨਕ ਦੇਵ ਹਸਪਤਾਲ ਅੰਮ੍ਰਿਤਸਰ ਪੁੱਜੇ ਸਨ, ਨੂੰ ਅੱਜ ਡਾਕਟਰਾਂ ਨੇ ਤੰਦਰੁਸਤ ਹੋਣ ਮਗਰੋਂ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਹੈ। ਇੰਨਾ ਖੁਸ਼ਕਿਸਮਤਾਂ ਵਿੱਚ ਕੇਵਲ ਸਿੰਘ ਪਿੰਡ ਮਰੜੀ ਕਲਾਂ, ਗੁਲਜਾਰ ਸਿੰਘ ਮਰੜੀ ਕਲਾਂ, ਰਮਨ ਕੁਮਾਰ ਵਾਸੀ ਥਰੀਏਵਾਲ, ਮੁਲਖ ਰਾਜ ਵਾਸੀ ਪਤਾਲਪੁਰੀ, ਸੁਬੇਗ ਸਿੰਘ ਵਾਸੀ ਭੰਗਵਾਂ ਅਤੇ ਤਰਸੇਮ ਸਿੰਘ ਵਾਸੀ ਭੰਗਾਲੀ ਕਲਾਂ ਸ਼ਾਮਿਲ ਹਨ।

ਇਸ ਮੌਕੇ ਗੁਰੂ ਨਾਨਕ ਦੇਵ ਮੈਡੀਕਲ ਕਾਲਜ ਦੇ ਸੁਪਰਡੈਂਟ ਡਾਕਟਰ ਕਰਨਜੀਤ ਸਿੰਘ, ਡੀਐਸਪੀ ਮਨਿੰਦਰਪਾਲ ਸਿੰਘ, ਸਹਾਇਕ ਲੋਕ ਸੰਪਰਕ ਅਧਿਕਾਰੀ ਯੋਗੇਸ਼ ਕੁਮਾਰ ਉਚੇਚੇ ਤੌਰ ਉੱਤੇ ਇੰਨਾ ਦਾ ਹਾਲ ਜਾਨਣ ਲਈ ਪੁੱਜੇ। ਇਹ ਸਾਰੇ ਮਰੀਜ਼ ਜੋ ਕਿ ਉਕਤ ਹਾਦਸੇ ਦੇ ਭਿਆਨਕ ਸਿੱਟਿਆਂ ਤੋਂ ਭਲੀ ਭਾਂਤ ਜਾਣੂ ਸਨ, ਨੇ ਪੰਜਾਬ ਸਰਕਾਰ ਦੇ ਅਧਿਕਾਰੀਆਂ ਦਾ ਧੰਨਵਾਦ ਕੀਤਾ, ਜਿਨਾਂ ਨੇ ਸਮੇਂ ਸਿਰ ਉਹਨਾਂ ਨੂੰ ਘਰਾਂ ਵਿੱਚੋਂ ਕੱਢ ਕੇ ਹਸਪਤਾਲ ਲਿਆਂਦਾ ਅਤੇ ਇਲਾਜ ਕਰਵਾਇਆ।

# ਕਾਨਪੁਰ ਦੇ ਨੌਜਵਾਨ ਮੌਤ ਨੂੰ ਗਲੇ ਲਗਾਉਣ ਵਿੱਚ ਸਭ ਤੋਂ ਅੱਗੇ ਹਨ, ਮੁੰਡੇ ਬਾਰੇ ਜਾਣਕਾਰੀ ਮਿਲਦੇ ਹੀ ਕੁੜੀ ਵੀ ਹਿੱਲ ਗਈ।



ਕਾਨਪੁਰ (ਸੁਨੀਲ ਬਾਜਪਾਈ ) ਕਾਨਪੁਰ ਦੇ ਨੌਜਵਾਨ ਪ੍ਰੇਮ ਸਬੰਧਾਂ ਸਮੇਤ ਕਈ ਕਾਰਨਾਂ ਕਰਕੇ ਮੌਤ ਨੂੰ ਗਲੇ ਲਗਾਉਣ ਵਿੱਚ ਮੋਹਰੀ ਹਨ। ਇਸ ਬਿਆਨ ਦੀ ਪੁਸ਼ਟੀ ਇੱਕ ਵਿਦਿਆਰਥੀ ਅਤੇ ਇੱਕ ਵਿਦਿਆਰਥਣ ਨੇ ਕੀਤੀ। ਦੋਵਾਂ ਨੇ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਪਹਿਲਾਂ, ਵਿਦਿਆਰਥੀ ਨੇ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ, ਅਤੇ ਜਦੋਂ ਗੁਆਂਢ ਵਿੱਚ ਰਹਿਣ ਵਾਲੀ ਵਿਦਿਆਰਥਣ ਨੂੰ ਜਾਣਕਾਰੀ ਮਿਲੀ, ਤਾਂ ਉਸਨੇ ਵੀ ਅਜਿਹਾ ਹੀ ਕੀਤਾ। ਪੁਲਿਸ ਸੂਤਰ ਕਹਿ ਰਹੇ ਹਨ ਕਿ ਇਸ ਘਟਨਾ ਦੇ ਪਿੱਛੇ ਦਾ ਕਾਰਨ ਪ੍ਰੇਮ ਸਬੰਧਾਂ ਨਾਲ ਜੁੜਿਆ ਹੋਇਆ ਹੈ। ਇਸ ਦੌਰਾਨ, ਪੁਲਿਸ ਨੇ ਦੋਵਾਂ ਪਰਿਵਾਰਾਂ ਵਿੱਚ ਹਫੜਾ-ਦਫੜੀ ਦੇ ਵਿਚਕਾਰ ਜਾਂਚ ਦੀ ਗੱਲ ਕਰਦੇ ਹੋਏ ਦੋਵਾਂ ਦੀਆਂ ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਹੈ।

ਖੁਦਕੁਸ਼ੀ ਦੀਆਂ ਇਹ ਦੋਵੇਂ ਘਟਨਾਵਾਂ ਨਰਵਾਲ ਥਾਣਾ ਖੇਤਰ ਦੇ ਦੀਪਾਪੁਰ ਪਿੰਡ ਨਾਲ ਸਬੰਧਤ ਹਨ। ਜਿੱਥੇ ਗੁਆਂਢ ਵਿੱਚ ਰਹਿਣ ਵਾਲੇ ਇੱਕ ਵਿਦਿਆਰਥੀ ਅਤੇ ਇੱਕ ਕੁੜੀ ਨੇ ਖੁਦਕੁਸ਼ੀ ਕਰ ਲਈ।

ਪ੍ਰਾਪਤ ਜਾਣਕਾਰੀ ਅਨੁਸਾਰ, ਬੀਏ ਪਹਿਲੇ ਸਾਲ ਦੇ ਵਿਦਿਆਰਥੀ ਵਿਪਿਨ (20) ਨੇ ਕੱਲ੍ਹ ਰਾਤ ਆਪਣੇ ਆਪ ਨੂੰ ਫਾਂਸੀ ਲਗਾ ਲਈ, ਜਦੋਂ ਕਿ ਵੀਰਵਾਰ ਸਵੇਰੇ ਇੰਟਰਮੀਡੀਏਟ ਦੀ ਵਿਦਿਆਰਥਣ ਰੀਆ ਉਰਫ਼ ਪੂਰਨਿਮਾ (18) ਨੇ ਵੀ ਅਜਿਹਾ ਹੀ ਕੀਤਾ। ਉਸਨੇ ਵੀ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਫਿਲਹਾਲ ਦੋਵਾਂ ਨੂੰ ਫਾਂਸੀ ਦੇਣ ਦਾ ਕਾਰਨ ਅਜੇ ਸਪੱਸ਼ਟ ਨਹੀਂ ਹੋਇਆ ਹੈ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

ਪੁਲਿਸ ਅਨੁਸਾਰ ਅਮਰ ਸਿੰਘ ਦਾ ਪੁੱਤਰ ਵਿਪਿਨ ਵੀ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਕਰ ਰਿਹਾ ਸੀ। ਰੀਆ, ਜੋ ਵਿਪਿਨ ਦੇ ਗੁਆਂਢ ਵਿੱਚ ਰਹਿੰਦੀ ਸੀ, ਵਿਨੈ ਯਾਦਵ ਦੀ ਧੀ ਸੀ। ਜਦੋਂ ਰੀਆ ਨੂੰ ਇਸ ਬਾਰੇ ਪਤਾ ਲੱਗਾ ਤਾਂ ਉਸਨੇ ਵੀ ਆਪਣੇ ਘਰ ਵਿੱਚ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਜਿਸ ਕਾਰਨ ਦੋਵਾਂ ਪਰਿਵਾਰਾਂ ਵਿੱਚ ਹਫੜਾ-ਦਫੜੀ ਹੈ। ਇਨ੍ਹਾਂ ਵਿੱਚੋਂ, ਵਿਪਿਨ ਦੇ ਚਚੇਰੇ ਭਰਾ ਵੀਰੂ ਯਾਦਵ ਨੇ ਵੀ 2 ਦਸੰਬਰ ਨੂੰ ਸ਼ੱਕੀ ਹਾਲਾਤਾਂ ਵਿੱਚ ਆਪਣੇ ਘਰ ਵਿੱਚ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ ਸੀ।

ਪੁਲਿਸ ਨੇ ਕਿਹਾ ਕਿ ਖੁਦਕੁਸ਼ੀ ਦਾ ਕਾਰਨ ਅਜੇ ਪੂਰੀ ਤਰ੍ਹਾਂ ਸਪੱਸ਼ਟ ਨਹੀਂ ਹੈ। ਦੋਵਾਂ ਦੀਆਂ ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ ਅਤੇ ਘਟਨਾ ਦੇ ਪਿੱਛੇ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਸਿਹਤ ਵਿਭਾਗ ਵੱਲੋਂ ਜਹਰੀਲੀ ਸ਼ਰਾਬ ਨਾਲ ਸੰਬੰਧਿਤ ਇਲਾਕਿਆਂ ਵਿੱਚ ਮੈਡੀਕਲ ਚੈੱਕ ਅਪ ਕੈਂਪ ਲਗਾਏ



ਅੰਮ੍ਰਿਤਸਰ- ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਵਿਭਾਗ ਅੰਮ੍ਰਿਤਸਰ ਵੱਲੋਂ ਸਿਵਲ ਸਰਜਨ ਅੰਮ੍ਰਿਤਸਰ ਡਾ.ਕਿਰਨਦੀਪ ਕੌਰ ਮਿਤੀ 12 ਮਈ ਤੋਂ 15 ਮਈ ਤੱਕ ਲਗਾਤਾਰ ਤੀਸਰੇ ਦਿਨ ਵੀ, ਜਹਰੀਲੀ ਸ਼ਰਾਬ ਨਾਲ ਪ੍ਰਭਾਵਿਤ ਇਲਾਕਿਆਂ ਵਿੱਚ ਮੈਡੀਕਲ ਚੈੱਕ ਅਪ ਟੀਮਾਂ ਭੇਜ ਕੇ ਘਰ ਘਰ ਜਾ ਕੇ ਸਰਵੇ ਕਰਾਇਆ ਗਿਆ ਅਤੇ ਲੋਕਾਂ ਦਾ ਚੈੱਕ ਅਪ ਕੀਤਾ ਗਿਆ, ਤਾਂ ਜੋ ਸਮੇਂ ਸਿਰ ਮਰੀਜ਼ਾਂ ਨੂੰ ਰੈਫਰ ਕਰਕੇ ਲੋਕਾਂ ਦੀਆਂ ਕੀਮਤੀ ਜਾਨਾਂ ਬਚਾਈਆਂ ਜਾ ਸਕਣ। ਇਸ ਦੌਰਾਨ ਸਿਹਤ ਵਿਭਾਗ ਦੇ ਵੱਖ-ਵੱਖ ਅਧਿਕਾਰੀਆਂ ਜਿਨ੍ਹਾ ਵਿੱਚ ਜਿਲ੍ਹਾ ਟੀਕਾਕਰਨ ਅਫਸਰ ਡਾ.ਭਾਰਤੀ ਧਵਨ, ਜਿਲਾ ਸਿਹਤ ਅਫਸਰ ਡਾ.ਜਸਪਾਲ ਸਿੰਘ, ਸੀਨੀਅਰ ਮੈਡੀਕਲ ਅਫਸਰ ਡਾ. ਸ਼ਿਵਕਰਨ ਸਿੰਘ ਕਾਹਲੋਂ, ਸੀਨੀਅਰ ਮੈਡੀਕਲ ਅਫਸਰ ਡਾ.ਸਤਨਾਮ ਸਿੰਘ, ਜਿਲਾ ਅਮਰਦੀਪ ਸਿੰਘ, ਬਲਾਕ ਐਕਸਟੈਂਸ਼ਨ ਐਜੂਕੇਟਰ ਰਣਜੀਤ ਕੁਮਾਰ ਅਤੇ ਸਿਹਤ ਵਿਭਾਗ ਦੇ ਸਮੂਹ ਮੈਡੀਕਲ ਅਤੇ ਪੈਰਾਮੈਡੀਕਲ ਸਟਾਫ ਨੇ ਜ਼ਹਿਰੀਲੀ ਸ਼ਰਾਬ ਨਾਲ ਪ੍ਰਭਾਵਿਤ ਸਾਰੇ ਪਿੰਡਾਂ ਵਿੱਚ ਹਰ ਘਰ ਵਿੱਚ ਜਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਅਤੇ ਮੈਡੀਕਲ ਚੈਕ ਅਪ ਕਰਕੇ ਜਿਆਦਾ ਸੀਰੀਅਸ ਕੇਸਾਂ ਨੂੰ ਰੈਫਰ ਕੀਤਾ ਤਾਂ ਜੋ ਸਮਾਂ ਰਹਿੰਦਿਆਂ ਹੀ ਉਹਨਾਂ ਦਾ ਇਲਾਜ ਕਰਕੇ, ਕੀਮਤੀ ਜਾਨਾਂ ਜਾ ਸਕਣ। ਇਸ ਦੌਰਾਨ ਸਿਵਲ ਸਰਜਨ ਡਾ ਕਿਰਨਦੀਪ ਕੌਰ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਕਿਸੇ ਵੀ ਕਿਸਮ ਦੀ ਸ਼ਰਾਬ ਦੀ ਵਰਤੋਂ ਨਾ ਕਰਨ ਅਤੇ ਕੋਈ ਵੀ ਲੱਛਣ ਸਾਹਮਣੇ ਆਉਣ ਤੇ ਜਿਵੇਂ ਕਿ ਉਲਟੀ ਆਉਣਾ, ਚੱਕਰ ਆਉਣਾ, ਅੱਖਾਂ ਵਿੱਚ ਧੁੰਦਲਾਪਨ ਆਉਣਾ, ਘਬਰਾਹਟ ਜਾਂ ਬੇਚੈਨੀ, ਦਿਲ ਦੀ ਧੜਕਣ ਵਧਣਾ, ਸਾਹ ਲੈਣ ਵਿੱਚ ਤਕਲੀਫ ਹੋਣਾ ਆਦੀ, ਦੀ ਸੂਰਤ ਵਿੱਚ ਤੁਰੰਤ ਸਿਹਤ ਵਿਭਾਗ ਦੀਆਂ ਟੀਮਾਂ ਨਾਲ ਸੰਪਰਕ ਕੀਤਾ ਜਾਵੇ। ਉਹਨਾਂ ਆਖਿਆ ਕਿ ਸਿਹਤ ਵਿਭਾਗ ਦੀਆਂ ਟੀਮਾਂ ਕੱਲ ਫਿਰ ਤੋਂ ਇਹਨਾਂ ਸਾਰੇ ਪਿੰਡਾਂ ਵਿੱਚ ਦੌਰਾ ਜਾਵੇਗਾ।

# ਨਸ਼ਿਆਂ ਦੇ ਖਾਤਮੇ ਲਈ 16 ਮਈ ਨੂੰ ਨਸ਼ਾ ਮੁਕਤੀ ਯਾਤਰਾ ਸ਼ੁਰੂ ਹੋਵੇਗੀ*



ਲੁਧਿਆਣਾ, 15 ਮਈ (ਸੁਖਚੈਨ ਮਹਿਰਾ )
ਜ਼ਿਲ੍ਹਾ ਪ੍ਰਸ਼ਾਸਨ 16 ਮਈ ਤੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਇੱਕ ਵਿਸ਼ਾਲ ਜ਼ਮੀਨੀ ਪੱਧਰ ਤੇ ਜਾਗਰੂਕਤਾ ਮੁਹਿਮ ਨਸ਼ਾ ਮੁਕਤੀ ਯਾਤਰਾ ਸ਼ੁਰੂ ਕਰੇਗਾ।

ਜ਼ਿਲ੍ਹਾ ਲੁਧਿਆਣਾ ਵਿੱਚ 25 ਮਈ ਤੱਕ ਲੁਧਿਆਣਾ ਦੇ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ 275 ਯਾਤਰਾਵਾਂ ਕੱਢੀਆਂ ਜਾਣਗੀਆ। ਜ਼ਿਲ੍ਹੇ ਦੇ 14 ਵਿਧਾਨ ਸਭਾ ਹਲਕਿਆਂ ਵਿੱਚ ਹਰੇਕ ਹਲਕੇ ਵਿੱਚ ਰੋਜ਼ਾਨਾ ਕਈ ਸਮਾਗਮ ਕੀਤੇ ਜਾਣਗੇ।

ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਕਿਹਾ ਕਿ ਇਹ ਨਸ਼ਾ ਮੁਕਤੀ ਯਾਤਰਾ ਦੀ ਪਹਿਲਕਦਮੀ ਨਸ਼ਿਆਂ ਵਿਰੁੱਧ ਜੰਗ ਨੂੰ ਲੋਕ ਅਗਵਾਈ ਵਾਲੀ ਲਹਿਰ ਵਿੱਚ ਬਦਲ ਦੇਵੇਗੀ। ਸਮਾਜ ਨੂੰ ਚੌਕਸੀ ਵਧਾਉਣ ਅਤੇ ਨਸ਼ਿਆਂ ਨੂੰ ਖ਼ਤਮ ਕਰਨ ਲਈ ਸਮੂਹਿਕ ਕਾਰਵਾਈ ਕਰਨ ਲਈ ਉਤਸ਼ਾਹਿਤ ਕਰੇਗੀ। ਉਨ੍ਹਾਂ ਨੇ ਨਸ਼ਾ ਮੁਕਤ ਸਮਾਜ ਦੀ ਪ੍ਰਾਪਤੀ ਲਈ ਜਨਤਕ ਭਾਗੀਦਾਰੀ ਦੀ ਮਹੱਤਵਪੂਰਨ ਲੋੜ ਤੇ ਜ਼ੋਰ ਦਿੱਤਾ ਅਤੇ ਹਰੇਕ ਨਾਗਰਿਕ ਨੂੰ ਮਿਸ਼ਨ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ। ਇਸ ਗੱਲ ਤੇ ਜ਼ੋਰ ਦਿੰਦੇ ਹੋਏ ਕਿ ਜ਼ਿਲ੍ਹਾ ਲੁਧਿਆਣਾ ਨਸ਼ਾ ਮੁਕਤ ਕਰਨ ਦਾ ਟੀਚਾ ਸਿਰਫ ਇਕਜੁੱਟ ਯਤਨਾਂ ਨਾਲ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ।

ਯਾਤਰਾਵਾਂ ਨੂੰ ਅਧਿਕਾਰੀਆਂ ਦੀ ਨਿਗਰਾਨੀ ਹੇਠ ਸਾਵਧਾਨੀ ਨਾਲ ਆਯੋਜਿਤ ਕੀਤਾ ਜਾਵੇਗਾ। ਨਗਰ ਨਿਗਮ ਲੁਧਿਆਣਾ ਤੋਂ ਪਰਮਦੀਪ ਸਿੰਘ ਨਗਰ ਨਿਗਮ ਅਧੀਨ ਸ਼ਹਿਰੀ ਖੇਤਰਾਂ ਵਿੱਚ ਹੋਣ ਵਾਲੇ ਸਮਾਗਮਾਂ ਦੀ ਨਿਗਰਾਨੀ ਕਰਨਗੇ, ਏ.ਡੀ.ਸੀ (ਪੇਂਡੂ ਵਿਕਾਸ) ਅਮਰਜੀਤ ਬੈਂਸ ਪੇਂਡੂ ਬਲਾਕਾਂ ਵਿੱਚ ਗਤੀਵਿਧੀਆਂ ਦਾ ਪ੍ਰਬੰਧਨ ਕਰਨਗੇ ਅਤੇ ਏ.ਡੀ.ਸੀ (ਸ਼ਹਿਰੀ ਵਿਕਾਸ) ਰੁਪਿੰਦਰ ਪਾਲ ਸਿੰਘ ਨਗਰ ਕੌਂਸਲਾਂ ਵਿੱਚ ਹੋਣ ਵਾਲੇ ਸਮਾਗਮਾਂ ਲਈ ਜ਼ਿੰਮੇਵਾਰ ਹੋਣਗੇ।

ਹਿਮਾਂਸ਼ੂ ਜੈਨ ਨੇ ਕਿਹਾ ਕਿ ਹਰੇਕ ਨਸ਼ਾ ਮੁਕਤੀ ਯਾਤਰਾ ਪਿੰਡ ਰੱਖਿਆ ਕਮੇਟੀਆਂ (ਵੀ.ਡੀ.ਸੀ), ਵਾਰਡ ਰੱਖਿਆ ਕਮੇਟੀਆਂ (ਡਬਲਯੂ.ਡੀ.ਸੀ), ਸਰਪੰਚ, ਪਿੰਡ ਵਾਸੀਆਂ ਅਤੇ ਹੋਰਾਂ ਨੂੰ ਇਕੱਠੇ ਕਰੇਗੀ ਤਾਂ ਜੋ ਜਾਗਰੂਕਤਾ ਨੂੰ ਉਤਸ਼ਾਹਿਤ ਕੀਤਾ ਜਾ ਸਕੇ ਅਤੇ ਨਸ਼ੇ ਨਾਲ ਸਬੰਧਤ ਗਤੀਵਿਧੀਆਂ ਵਿਰੁੱਧ ਲੜਾਈ ਨੂੰ ਮਜ਼ਬੂਤ ਕੀਤਾ ਜਾ ਸਕੇ। ਇਸ ਤੋਂ ਇਲਾਵਾ ਉਨ੍ਹਾਂ ਅੱਗੇ ਕਿਹਾ ਕਿ ਨਸ਼ਾ ਮੁਕਤ ਵਿਅਕਤੀ ਦੂਜਿਆਂ ਨੂੰ ਪ੍ਰੇਰਿਤ ਕਰਨ ਲਈ ਪ੍ਰੇਰਣਾਦਾਇਕ ਭਾਸ਼ਣ ਸਾਂਝੇ ਕਰਨਗੇ ਅਤੇ ਭਾਗੀਦਾਰਾਂ ਵਿੱਚ ਵਚਨਬੱਧਤਾ ਅਤੇ ਚੌਕਸੀ ਦੀ ਭਾਵਨਾ ਨੂੰ ਉਤਸ਼ਾਹਿਤ ਕਰਦੇ ਹੋਏ ਨਸ਼ਿਆਂ ਦੀ ਦੁਰਵਰਤੋਂ ਵਿਰੁੱਧ ਸਹੁੰ ਚੁਕਾਈ ਜਾਵੇਗੀ।

ਪਹਿਲੇ ਦਿਨ 16 ਮਈ ਨੂੰ ਲੁਧਿਆਣਾ ਦੇ ਵਾਰਡਾਂ ਅਤੇ ਪਿੰਡਾਂ ਵਿੱਚ 40 ਨਸ਼ਾ ਮੁਕਤੀ ਯਾਤਰਾਵਾਂ ਕੱਢੀਆਂ ਜਾਣਗੀਆਂ ਜੋ ਮੁਹਿਮ ਦੀ ਇੱਕ ਮਜ਼ਬੂਤ ਸ਼ੁਰੂਆਤ ਦਰਸਾਉਂਦੀਆਂ ਹਨ। ਆਤਮ ਨਗਰ ਵਿੱਚ ਵਿਧਾਇਕ ਕੁਲਵੰਤ ਸਿੰਘ ਸਿੱਧੂ ਵਾਰਡ ਨੰਬਰ 40, 41 ਅਤੇ 42 ਵਿੱਚ ਸਮਾਗਮਾਂ ਦੀ ਅਗਵਾਈ ਕਰਨਗੇ। ਦਾਖਾ ਵਿੱਚ ਸੀਨੀਅਰ ਆਪ ਨੇਤਾ ਕੇ.ਐਨ.ਐਸ ਕੰਗ ਮਿੰਨੀ ਛਪਾਰ, ਛਪਾਰ ਅਤੇ ਧੂਰਕੋਟ ਵਿੱਚ ਯਾਤਰਾਵਾਂ ਦੀ ਪ੍ਰਧਾਨਗੀ ਕਰਨਗੇ। ਵਿਧਾਇਕ ਜੀਵਨ ਸਿੰਘ ਸੰਗੋਵਾਲ ਗਿੱਲ ਹਲਕੇ ਵਿੱਚ ਆਲਮਗੀਰ, ਅਲੋਂਵਾਲ ਅਤੇ ਅਮਲਤਾਸ਼ ਵਿੱਚ ਸਮਾਗਮਾਂ ਦੀ ਨਿਗਰਾਨੀ ਕਰਨਗੇ। ਜਗਰਾਉਂ ਵਿੱਚ ਵਿਧਾਇਕ ਸਰਵਜੀਤ ਕੌਰ ਮਾਣੂਕੇ ਅਬੂਪੁਰਾ, ਅਗਵਾੜ ਗੁੱਜਰਾਂ ਅਤੇ ਅਗਵਾੜ ਖਵਾਜਾਬਾਜੂ ਵਿੱਚ ਯਾਤਰਾਵਾਂ ਦੀ ਅਗਵਾਈ ਕਰਨਗੇ। ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਖੰਨਾ ਵਿੱਚ ਕੰਮਾਂ, ਈਸੜੂ ਅਤੇ ਰਾਜੇਵਾਲ ਵਿੱਚ ਸਮਾਗਮਾਂ ਦੀ ਅਗਵਾਈ ਕਰਨਗੇ।

ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਸਾਹਨੇਵਾਲ ਵਿੱਚ ਦਸਮੇਸ਼ ਕਲਾਂ, ਮੁੰਡੀਆਂ ਖੁਰਦ ਅਤੇ ਮੁੰਡੀਆਂ ਟਿੱਬਾ ਵਿੱਚ ਯਾਤਰਾਵਾਂ ਦੀ ਪ੍ਰਧਾਨਗੀ ਕਰਨਗੇ। ਲੁਧਿਆਣਾ ਸੈਂਟਰਲ ਵਿੱਚ ਵਿਧਾਇਕ ਅਸ਼ੋਕ ਪਰਾਸ਼ਰ ਪੱਪੀ ਵਾਰਡ ਨੰਬਰ 10, 30 ਅਤੇ 74 ਵਿੱਚ ਸਮਾਗਮਾਂ ਦੀ ਅਗਵਾਈ ਕਰਨਗੇ ਜਦੋਂ ਕਿ ਲੁਧਿਆਣਾ ਪੂਰਬੀ ਵਿੱਚ ਵਿਧਾਇਕ ਦਲਜੀਤ ਸਿੰਘ ਭੋਲਾ ਗਰੇਵਾਲ ਵਾਰਡ ਨੰਬਰ 11, 12 ਅਤੇ 13 ਦੀ ਨਿਗਰਾਨੀ ਕਰਨਗੇ। ਲੁਧਿਆਣਾ ਦੱਖਣੀ ਵਿੱਚ ਵਿਧਾਇਕ ਰਾਜਿੰਦਰ ਪਾਲ ਕੌਰ ਛੀਨਾ ਵਾਰਡ ਨੰਬਰ 27, 31 ਅਤੇ 32 ਵਿੱਚ ਯਾਤਰਾਵਾਂ ਦੀ ਅਗਵਾਈ ਕਰਨਗੇ। ਸੰਸਦ ਮੈਂਬਰ ਸੰਜੀਵ ਅਰੋੜਾ ਲੁਧਿਆਣਾ ਪੱਛਮੀ ਵਿੱਚ ਵਾਰਡ ਨੰਬਰ 54 ਵਿੱਚ ਇੱਕ ਸਮਾਗਮ ਦੀ ਪ੍ਰਧਾਨਗੀ ਕਰਨਗੇ। ਰਾਏਕੋਟ ਵਿੱਚ ਵਿਧਾਇਕ ਹਾਕਮ ਸਿੰਘ ਠੇਕੇਦਾਰ ਜੰਡ, ਨੰਗਲ ਕਲਾਂ ਅਤੇ ਨੰਗਲ ਖੁਰਦ ਵਿੱਚ ਸਮਾਗਮਾਂ ਦੀ ਅਗਵਾਈ ਕਰਨਗੇ ਅਤੇ ਸਮਰਾਲਾ ਵਿੱਚ ਵਿਧਾਇਕ ਜਗਤਾਰ ਸਿੰਘ ਪਿੰਡ ਘੁਲਾਲ, ਖਟੜਾ ਅਤੇ ਬਿਜਲੀਪੁਰੇ ਵਿੱਚ ਯਾਤਰਾਵਾਂ ਲਈ ਮੁੱਖ ਮਹਿਮਾਨ ਹੋਣਗੇ। ਇਹ ਸਮਾਗਮ ਨਸ਼ਿਆਂ ਦੀ ਦੁਰਵਰਤੋਂ ਵਿਰੁੱਧ ਸਟੈਂਡ ਲੈਣ ਲਈ ਭਾਈਚਾਰਿਆਂ ਨੂੰ ਪ੍ਰੇਰਿਤ ਕਰਨਗੇ

# ਮੌਜੂਦਾ ਹਲਾਤਾਂ ਦੇ ਮੱਦੇਨਜ਼ਰ ਅਗਾਊਂ ਪ੍ਰਬੰਧ ਖੂਨ ਜਮ੍ਹਾਂ ਰੱਖਣ ਲਈ ਸਿਵਲ ਹਸਪਤਾਲ ਤਪਾ ਵਿਖੇ ਖੂਨਦਾਨ ਕੈਂਪ ਅੱਜ



ਤਪਾ ਮੰਡੀ-ਮੌਜੂਦਾ ਹਾਲਾਤਾਂ ਨੂੰ ਦੇਖਦਿਆਂ ਸਿਵਲ ਹਸਪਤਾਲ ਤਪਾ ਵਿਖੇ ਅੱਜ ਖੂਨਦਾਨ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ ਤਾਂ ਕਿ ਐਮਰਜੈਂਸੀ ਸਥਿਤੀ ਲਈ ਖੂਨ ਅਗਾਊਂ ਜਮ੍ਹਾਂ ਰੱਖਿਆ ਜਾ ਸਕੇ। ਜਦ ਇਸ ਸਬੰਧੀ ਸ਼ਹਿਰ ਦੇ ਕੁਝ ਸਮਾਜ ਸੇਵੀਆਂ ਨਾਲ ਗੱਲ ਕੀਤੀ ਤਾਂ ਉਹਨਾਂ ਕਿਹਾ ਕਿ ਸਿਵਲ ਹਸਪਤਾਲ ਵੱਲੋਂ ਕੀਤਾ ਜਾ ਰਿਹਾ ਉਪਰਾਲਾ ਸਲਾਘਾਯੋਗ ਕਦਮ ਹੈ ਕਿਉਂਕਿ ਅੱਜ ਇਸ ਸਥਿਤੀ ਦੇ ਚਲਦਿਆਂ ਦੇਸ਼ ਲਈ ਹਰ ਨੌਜਵਾਨ ਖੂਨ ਦਾ ਕਤਰਾ-ਕਤਰਾ ਤੱਕ ਦਾਨ ਕਰਨ ਲਈ ਤਿਆਰ ਹੈ। ਇਸ ਤੋਂ ਪਹਿਲਾਂ ਕਰੋਨਾ ਕਾਲ ਦੌਰਾਨ ਵੀ ਹਰ ਵਿਅਕਤੀ ਨੇ ਹਰ ਜ਼ਰੂਰਤਮੰਦ ਦੀ ਮੱਦਦ ਲਈ ਹਰ ਪ੍ਰਕਾਰ ਦੀ ਸੇਵਾ ਲਈ ਆਪਣਾ ਕਦਮ ਅੱਗੇ ਵਧਾਇਆ ਸੀ। ਇਸ ਮੌਕੇ ਮਿੰਨੀ ਸਹਾਰਾ ਕਲੱਬ ਵੱਲੋਂ ਵੀ ਇਲਾਕੇ ਦੀਆਂ ਸਮੂਹ ਰਾਜਨੀਤਿਕ, ਸਮਾਜਿਕ,ਧਾਰਮਿਕ, ਵਪਾਰਕ ਜਥੇਬੰਦੀਆਂ, ਕਲੱਬਾਂ ਦੇ ਨੌਜਵਾਨਾਂ ਅਤੇ ਨਗਰ ਨਿਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਅੱਜ ਦਿਨ ਐਤਵਾਰ ਨੂੰ ਸਿਵਲ ਹਸਪਤਾਲ ਤਪਾ ਵਿਖੇ ਠੀਕ 10 ਵਜੇ ਵੱਡੀ ਗਿਣਤੀ ਚ ਪਹੁੰਚ ਕੇ ਆਪਣਾ ਖੂਨ ਦਾਨ ਕਰਨ ਤਾਂ ਜੋ ਆਪਣੇ ਵੱਲੋਂ ਦਿੱਤਾ ਗਿਆ ਖੂਨ ਕਿਸੇ ਲੋੜਵੰਦ ਦੇ ਕੰਮ ਆ ਸਕੇ।

# ਜਲੰਧਰ ਜ਼ਿਲ੍ਹੇ 'ਚ ਕਣਕ ਦੀ ਬੰਪਰ ਪੈਦਾਵਾਰ, ਪੰਜਾਬ ਸਰਕਾਰ ਦੇ ਸੁੱਚਜੇ ਪ੍ਰਬੰਧਾਂ ਸਦਕਾ 5 ਲੱਖ ਮੀਟ੍ਰਿਕ ਟਨ ਤੋਂ ਵੱਧ ਕਣਕ ਦੀ ਨਿਰਵਿਘਨ ਖਰੀਦ



ਜਲੰਧਰ, 11 ਮਈ : ਜ਼ਿਲ੍ਹੇ ਵਿੱਚ ਕਣਕ ਦਾ ਖਰੀਦ ਸੀਜ਼ਨ ਸੁਚਾਰੂ ਢੰਗ ਨਾਲ ਚੱਲ ਰਿਹਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਸਦਕਾ ਪੰਜਾਬ ਸਰਕਾਰ ਵਲੋਂ ਕੀਤੇ ਸੁੱਚਜੇ ਪ੍ਰਬੰਧਾਂ ਸਦਕਾ ਹੁਣ ਤੱਕ 5 ਲੱਖ ਮੀਟ੍ਰਿਕ ਟਨ ਤੋਂ ਵੱਧ ਕਣਕ ਦੀ ਨਿਰਵਿਘਨ ਖਰੀਦ ਹੋ ਚੁੱਕੀ ਹੈ।

ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਵਾਰ ਕਣਕ ਦੀ ਬੰਪਰ ਪੈਦਾਵਾਰ ਹੋਈ ਹੈ ਅਤੇ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਕੁੱਲ 5,07,656 ਮੀਟ੍ਰਿਕ ਟਨ ਫ਼ਸਲ ਦੀ ਆਮਦ ਹੋਈ ਹੈ, ਜਿਸ ਵਿੱਚੋਂ 5,07,612 ਮੀਟ੍ਰਿਕ ਟਨ ਕਣਕ ਦੀ ਖ਼ਰੀਦ ਕੀਤੀ ਜਾ ਚੁੱਕੀ ਹੈ।

ਵੱਖ-ਵੱਖ ਖ਼ਰੀਦ ਏਜੰਸੀਆਂ ਵੱਲੋਂ ਕੀਤੀ ਗਈ ਖ਼ਰੀਦ ਬਾਰੇ ਜਾਣਕਾਰੀ ਦਿੰਦਿਆਂ ਡਾ. ਅਗਰਵਾਲ ਨੇ ਦੱਸਿਆ ਕਿ ਪਨਗ੍ਰੇਨ ਵੱਲੋਂ 165845 ਮੀਟ੍ਰਿਕ ਟਨ, ਮਾਰਕਫੈੱਡ ਵੱਲੋਂ 137181, ਪਨਸਪ ਵੱਲੋਂ 115135, ਪੰਜਾਬ ਸਟੇਟ ਵੇਅਰਹਾਊਸ ਕਾਰਪੋਰੇਸ਼ਨ ਵੱਲੋਂ 56941, ਐਫ.ਸੀ.ਆਈ. ਵੱਲੋਂ 27618 ਅਤੇ ਪ੍ਰਾਈਵੇਟ ਵਪਾਰੀਆਂ ਵੱਲੋਂ 4892 ਮੀਟ੍ਰਿਕ ਟਨ ਕਣਕ ਦੀ ਖ਼ਰੀਦ ਕੀਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਖ਼ਰੀਦ ਕੀਤੀ ਫ਼ਸਲ ਦੀ ਪੰਜਾਬ ਸਰਕਾਰ ਵੱਲੋਂ ਜ਼ਿਲ੍ਹੇ ਦੇ ਕਿਸਾਨਾਂ ਨੂੰ 1209 ਕਰੋੜ ਰੁਪਏ ਦੀ ਅਦਾਇਗੀ ਯਕੀਨੀ ਬਣਾਉਣ ਦੇ ਨਾਲ-ਨਾਲ ਤੇਜ਼ੀ ਨਾਲ ਫ਼ਸਲ ਦੀ ਚੁਕਾਈ ਵੀ ਕੀਤੀ ਜਾ ਚੁੱਕੀ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਖ਼ਰੀਦ ਪ੍ਰਕਿਰਿਆ ਨੂੰ ਨਿਰਵਿਘਨ ਤੇ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਦੀਆਂ ਹਦਾਇਤਾਂ ਅਤੇ ਕਣਕ ਦੀ ਬੰਪਰ ਪੈਦਾਵਾਰ ਦੇ ਮੱਦੇਜ਼ਨਰ ਜ਼ਿਲ੍ਹੇ ਵਿੱਚ 79 ਸਥਾਈ ਮੰਡੀਆਂ ਤੋਂ ਇਲਾਵਾ 23 ਆਰਜ਼ੀ ਮੰਡੀਆਂ ਵੀ ਸਥਾਪਤ ਕੀਤੀਆਂ ਗਈਆਂ ਸਨ, ਜਿਨ੍ਹਾਂ ਵਿੱਚ ਕਿਸਾਨਾਂ ਤੇ ਮਜ਼ਦੂਰਾਂ ਦੀ ਸਹੂਲਤ ਲਈ ਪੁਖ਼ਤਾ ਪ੍ਰਬੰਧ ਯਕੀਨੀ ਬਣਾਏ ਗਏ ਹਨ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਹੈ ਕਿ ਲਿਫਟਿੰਗ ਵਿਚ ਹੋਰ ਤੇਜ਼ੀ ਲਿਆਂਦੀ ਜਾਵੇ।

ਉਧਰ ਕਿਸਾਨਾਂ ਅਤੇ ਮਜ਼ਦੂਰਾਂ ਵੱਲੋਂ ਪੰਜਾਬ ਸਰਕਾਰ ਦਾ ਧੰਨਵਾਦ ਵੀ ਪ੍ਰਗਟਾਇਆ ਜਾ ਰਿਹਾ ਹੈ।

ਕਿਸਾਨਾਂ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਵਲੋਂ ਮੰਡੀਆਂ ਵਿੱਚ ਸੁਚਾਰੂ ਢੰਗ ਨਾਲ ਸਾਰੇ ਪ੍ਰਬੰਧ ਯਕੀਨੀ ਬਣਾਏ ਗਏ ਹਨ। ਉਨ੍ਹਾਂ ਨਾਲੋ ਨਾਲ ਕਣਕ ਦੀ ਖਰੀਦ ਅਤੇ ਅਦਾਇਗੀ ਲਈ ਸੂਬਾ ਸਰਕਾਰ ਦਾ ਧੰਨਵਾਦ ਪ੍ਰਗਟਾਇਆ ।

# ਮੰਦਰ ਪ੍ਰਬੰਧਕਾਂ ਵੱਲੋਂ ਤ੍ਰਿਓਦਸੀ ਅਤੇ ਇਕਾਦਸੀਆਂ ਦਾ ਕੈਲੰਡਰ ਜਾਰੀ



ਤਪਾ ਮੰਡੀ,-ਪੰਚਮੁਖੀ ਹਨੂਮਾਨ ਅਤੇ ਸ਼ਨੀਦੇਵ ਮੰਦਰ ਕਮੇਟੀ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ 2082 ਦਾ ਦੇਸੀ ਮਹੀਨੇ ਦਾ ਕੈਲੰਡਰ ਰਿਲੀਜ਼ ਕੀਤਾ ਗਿਆ। ਜਿਸ ਵਿਚ ਮੰਦਰ ਦੇ ਸਾਰੇ ਪ੍ਰੋਗਰਾਮਾਂ ਦਾ ਵੇਰਵਿਆਂ ਜਿਵੇਂ ਰਣੀਕੇ ਲਈ ਫਰੀ ਬੱਸ ਯਾਤਰਾ,ਸ਼ਨੀਵਾਰ ਲੰਗਰ,ਇਕਾਦਸ਼ੀ ਕੀਰਤਨ ਅਤੇ ਨਿਸ਼ਾਨ ਯਾਤਰਾ ਅਤੇ ਹੋਰ ਤਿਉਹਾਰਾਂ ਵਾਲੇ ਬਾਰੇ ਦੱਸਿਆ ਗਿਆ। ਇਸ ਮੌਕੇ ਸਮੂਹ ਸ਼ਰਧਾਲੂਆਂ ਚ ਕਾਫੀ ਉਤਸ਼ਾਹ ਦੇਖਣ ਨੂੰ ਮਿਲਿਆ। ਇਸ ਸਮੇਂ ਹਰੀਸ਼ ਮਿੱਤਲ ਗੋਸ਼ਾ,ਕਰਨ ਮਿੱਤਲ,ਕਾਲਾ ਘੁੰਨਸ,ਭੂਸ਼ਣ ਬਾਂਸਲ,ਤਾਰੀ ਦਰਾਜ,ਹਰੀਸ਼ ਬਾਂਸਲ,ਬਲਦੇਵ ਕ੍ਰਿਸ਼ਨ ਆਟੇ ਵਾਲੇ,ਰਮੇਸ਼ ਮੇਸ਼ੀ ਪੱਖੋ,ਸਰੇਸ਼ ਮਿੱਤਲ,ਦੀਪੂ ਭੈਣੀ ਅਤੇ ਰਾਧਾ ਕ੍ਰਿਸ਼ਨ ਮਹਿਲਾ ਸੰਕੀਰਤਨ ਮੰਡਲ ਵੱਲੋਂ ਰੀਨਾ ਗਰਗ,ਨੀਸੂ,ਮੋਨਿਕਾ, ਅਨੀਤਾ ਰਾਣੀ, ਮਨੀਸ਼ਾ, ਰਾਣੋ ਗੋਇਲ, ਸੋਨੀਆ, ਸੀਮਾ ਰਾਣੀ, ਗੋਲਡੀ ਆਦਿ ਸ਼ਰਧਾਲੂ ਹਾਜਰ ਸਨ।

# ਵਿਧਾਇਕ ਮਾਣੂੰਕੇ ਦੇ ਯਤਨਾਂ ਸਦਕਾ ਹਲਕੇ ਦੇ ਰਜ਼ਬਾਹੇ ਤੇ ਮੋਘੇ ਕਰੋੜਾਂ ਦੀ ਲਾਗਤ ਨਾਲ ਹੋਣਗੇ ਪੱਕੇ*

ਜਗਰਾਉਂ/ਲੁਧਿਆਣਾ, 15 ਮਈ (ਸੁਖਚੈਨ ਮਹਿਰਾ) ਵਿਧਾਨ ਸਭਾ ਹਲਕਾ ਜਗਰਾਉਂ ਤੋਂ ਵਿਧਾਇਕ ਸਰਵਜੀਤ ਕੌਰ ਮਾਣੂੰਕੇ ਵੱਲੋਂ ਅੱਜ ਭੂਮੀ ਰੱਖਿਆ, ਨਹਿਰੀ ਅਤੇ ਡਰੇਨ ਵਿਭਾਗ ਦੇ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ ਕੀਤੀ ਗਈ ਅਤੇ ਹਦਾਇਤਾਂ ਜਾਰੀ ਕੀਤੀਆਂ ਗਈਆਂ ਕਿ ਬਰਸਾਤ ਦੇ ਮੌਸਮ ਨੂੰ ਧਿਆਨ ਵਿੱਚ ਰੱਖਦੇ ਹੋਏ ਨਿਕਾਸੀ ਪਾਣੀ ਦੀਆਂ ਸਮੱਸਿਆਵਾਂ ਦੇ ਹੱਲ ਲਈ ਢੁਕਵੇਂ ਪ੍ਰਬੰਧ ਕੀਤੇ ਜਾਣ।

ਮੀਟਿੰਗ ਦੌਰਾਨ ਭੂਮੀ ਰੱਖਿਆ ਵਿਭਾਗ ਦੇ ਅਧਿਕਾਰੀਆਂ ਨੇ ਜਾਣੂੰ ਕਰਵਾਇਆ ਕਿ ਹਲਕੇ ਦੇ ਪਿੰਡਾਂ ਵਿੱਚੋਂ ਲੰਘ ਰਹੀਆਂ ਡਰੇਨ ਦੀ ਵੱਡੀ ਸਮੱਸਿਆ ਇਹ ਹੈ ਕਿ ਨਿਕਾਸੀ ਵਾਲੇ ਪਾਸੇ ਵੱਲ ਨੂੰ ਡਰੇਨਾਂ ਦੀ ਢਲਾਨ ਉੱਚੀ ਹੋ ਚੁੱਕੀ ਹੈ ਜਿਸ ਕਾਰਨ ਨਿਕਾਸੀ ਪਾਣੀ ਦਾ ਵਹਾਅ ਉਲਟ ਪਾਸੇ ਹੁੰਦਾ ਹੈ ਅਤੇ ਬਰਸਾਤਾਂ ਦੇ ਦਿਨਾਂ ਵਿੱਚ ਪਾਣੀ ਜ਼ਿਆਦਾ ਆਉਣ ਕਾਰਨ ਓਵਰ ਫਲੋਅ ਹੋਕੇ ਨਾਲ ਲੱਗਦੇ ਖੇਤਾਂ ਦੀਆਂ ਫ਼ਸਲਾਂ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਸ਼ਹਿਰ ਦੇ ਕਮਲ ਚੌਂਕ, ਪੁਰਾਣੀ ਦਾਣਾ ਮੰਡੀ, ਪੁਰਾਣੀ ਸਬਜ਼ੀ ਮੰਡੀ ਅਤੇ ਕਈ ਮੁਹੱਲਿਆਂ ਵਿੱਚ ਬਰਸਾਤੀ ਪਾਣੀ ਦੀ ਵੱਡੀ ਸਮੱਸਿਆ ਹੋ ਜਾਂਦੀ ਹੈ ਅਤੇ ਕਈ ਭਿਆਨਕ ਬਿਮਾਰੀਆਂ ਦੇ ਫੈਲਣ ਦਾ ਖਤਰਾ ਬਣਿਆਂ ਰਹਿੰਦਾ ਹੈ।

ਅਧਿਕਾਰੀਆਂ ਨੇ ਹੋਰ ਦੱਸਿਆ ਕਿ ਡਰੇਨਾਂ ਦੇ ਬੰਨ੍ਹ ਅਤੇ ਕਈ ਥਾਵਾਂ ਤੋਂ ਪੁੱਲ ਵੀ ਨੀਵੇਂ ਹੋ ਚੁੱਕੇ ਹਨ ਅਤੇ ਕਈ ਥਾਵਾਂ ਤੇ ਲੋਕਾਂ ਵੱਲੋਂ ਡਰੇਨ ਦੀ ਜਗ੍ਹਾ ਉਪਰ ਨਜਾਇਜ਼ ਕਬਜ਼ੇ ਵੀ ਕੀਤੇ ਹੋਏ ਹਨ, ਜੋ ਕਿ ਬਰਸਾਤੀ ਪਾਣੀ ਦੀ ਨਿਕਾਸੀ ਵਿੱਚ ਵੱਡਾ ਅੜਿੱਕਾ ਹਨ। ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ



ਵਿਧਾਇਕ ਮਾਣੂੰਕੇ ਨੇ ਤੁਰੰਤ ਸਬੰਧਤ ਵਿਭਾਗ ਦੇ ਮੰਤਰੀ ਵਰਿੰਦਰ ਗੋਇਲ ਨੂੰ ਫੋਨ ਤੇ ਗੱਲਬਾਤ ਕਰਕੇ ਮਾਮਲੇ ਨੂੰ ਵਿਚਾਰਿਆ ਗਿਆ ਅਤੇ ਡਰੇਨਾਂ ਵਿੱਚੋਂ ਮਿੱਟੀ ਕੱਢਣ ਲਈ ਪ੍ਰਵਾਨਗੀ ਦੇਣ ਦੀ ਮੰਗ ਕੀਤੀ ਤਾਂ ਕੈਬਨਿਟ ਮੰਤਰੀ ਵੱਲੋਂ ਭਰੋਸਾ ਦਿੱਤਾ ਗਿਆ ਕਿ ਇਸ ਸਬੰਧੀ ਕੇਸ ਪ੍ਰਾਪਤ ਹੋਣ ਤੇ ਮੰਨਜ਼ੂਰੀ ਜਾਰੀ ਕਰ ਦਿੱਤੀ ਜਾਵੇਗੀ।

ਨਹਿਰੀ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਵਿਧਾਇਕ ਮਾਣੂੰਕੇ ਦੇ ਯਤਨਾਂ ਸਦਕਾ ਜੋ ਗਰਾਂਟਾਂ ਆਈਆਂ ਹਨ, ਉਹਨਾਂ ਵਿੱਚੋਂ ਹਲਕਾ ਜਗਰਾਉਂ ਅਧੀਨ ਸਿੱਧਵਾਂ ਖ਼ੁਰਦ ਤੋਂ ਲੈ ਕੇ ਗਾਲਿਬ ਕਲਾਂ ਤੱਕ ਕੋਕਰੀ ਰਜ਼ਬਾਹੇ ਨੂੰ 13 ਕਰੋੜ 62 ਲੱਖ ਦੀ ਲਾਗਤ ਨਾਲ ਪੱਕਾ ਕੀਤਾ ਜਾ ਰਿਹਾ ਹੈ ਅਤੇ ਇਹ ਰਜ਼ਬਾਹਾ ਪੱਕਾ ਕਰਨ ਵੇਲੇ ਸੂਏ ਦੇ ਬੈਡ ਨੂੰ ਕੱਚਾ ਰੱਖਿਆ ਜਾ ਰਿਹਾ ਹੈ ਜਿਸ ਨਾਲ ਧਰਤੀ ਹੇਠਲਾ ਪਾਣੀ ਵੀ ਰਿਚਾਰਜ ਹੁੰਦਾ ਰਹੇਗਾ।

ਇਸ ਤੋਂ ਇਲਾਵਾ ਸਿੱਧਵਾਂ ਕਲਾਂ ਅਤੇ ਸਿੱਧਵਾਂ ਖ਼ੁਰਦ ਦੇ ਮੋਘੇ ਦੇ ਖਾਲਾਂ ਨੂੰ ਪੱਕਾ ਕਰਨ ਲਈ ਇੱਕ ਕਰੋੜ 92 ਲੱਖ ਰੁਪਏ, ਮਲਸੀਹਾਂ ਤੇ ਚੀਮਨਾਂ ਦੇ ਮੋਘੇ ਨੂੰ ਇੱਕ ਕਰੋੜ 60 ਲੱਖ ਰੁਪਏ, ਰਾਮਗੜ੍ਹ ਭੁੱਲਰ ਦੇ ਮੋਘੇ ਨੂੰ ਇੱਕ ਕਰੋੜ 9 ਲੱਖ ਰੁਪਏ ਅਤੇ ਗਾਲਿਬ ਕਲਾਂ ਦੇ ਮੋਘੇ ਨੂੰ ਇੱਕ ਕਰੋੜ 84 ਲੱਖ ਰੁਪਏ ਦੀ ਗਰਾਂਟ ਨਾਲ ਪੱਕਾ ਕੀਤਾ ਜਾ ਰਿਹਾ ਹੈ।

ਇਸ ਤੋਂ ਇਲਾਵਾ ਨਹਿਰੀ ਵਿਸ਼ਰਾਮ ਘਰ ਅਖਾੜਾ ਦੇ ਨਵੀਨੀਕਰਨ ਦਾ ਕੰਮ ਚੱਲ ਰਿਹਾ ਹੈ। ਵਿਧਾਇਕ ਮਾਣੂੰਕੇ ਨੇ ਸਬੰਧਤ ਅਧਿਕਾਰੀਆਂ ਨੂੰ ਕਿਹਾ ਕਿ ਮੋਘੇ ਅਤੇ ਸੂਏ ਨੂੰ ਪੱਕਾ ਕਰਨ ਦੇ ਕੰਮ ਵਿੱਚ ਤੇਜ਼ੀ ਲਿਆਂਦੀ ਜਾਵੇ ਤਾਂ ਜੋ ਕਿਸਾਨ ਭਰਾਵਾਂ ਨੂੰ ਨਹਿਰੀ ਪਾਣੀ ਦੀ ਸਹੂਲਤ ਜ਼ਲਦ ਤੋਂ ਜ਼ਲਦ ਮੁਹੱਈਆ ਕਰਵਾਈ ਜਾ ਸਕੇ ਅਤੇ ਵਿਸ਼ਰਾਮ ਘਰ ਅਖਾੜਾ ਵਿਖੇ ਟੂਰਿਜ਼ਮ ਪੁਆਇੰਟ ਬਨਾਉਣ ਲਈ ਪ੍ਰੋਜੈਕਟ ਬਣਾਇਆ ਜਾਵੇ ਤਾਂ ਜੋ ਲੋਕ ਵਿਆਹਾਂ ਮੌਕੇ ਫੋਟੋਗ੍ਰਾਫੀ ਤੇ ਪ੍ਰੀਵੈਡਿੰਗ ਸ਼ੂਟ ਆਦਿ ਕਰਨ ਸਕਣ। ਡਰੇਨਜ਼ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕਰਦੇ ਹੋਏ ਵਿਧਾਇਕ ਮਾਣੂੰਕੇ ਨੇ ਆਖਿਆ ਕਿ ਕਿਸਾਨਾਂ ਨੂੰ ਖੇਤਾਂ ਵਿੱਚੋਂ ਰੇਤ ਚੁਕਵਾਉਣ ਲਈ ਹਦਾਇਤਾਂ ਤੋਂ ਜਾਣੂੰ ਕਰਵਾਇਆ ਜਾਵੇ ਅਤੇ ਡਰੇਨਜ਼ ਦੀ ਸਫਾਈ ਲਈ ਉਪਰਾਲੇ ਕੀਤੇ ਜਾਣ।

ਇਸ ਮੌਕੇ ਬਲਾਕ ਪ੍ਰਧਾਨ ਨਿਰਭੈ ਸਿੰਘ ਕਮਾਲਪੁਰਾ, ਸੋਸ਼ਲ ਮੀਡੀਆ ਇੰਚਾਰਜ ਅਮਰਦੀਪ ਸਿੰਘ ਟੂਰੇ, ਐਸ.ਡੀ.ਓ.ਨਹਿਰੀ ਵਿਭਾਗ ਪੁਸ਼ਪਿੰਦਰ ਸਿੰਘ, ਭੂਮੀਂ ਰੱਖਿਆ ਅਫਸਰ ਬਲਜਿੰਦਰ ਕੌਰ, ਉਪ ਮੰਡਲ ਭੂਮੀ ਰੱਖਿਆ ਅਫ਼ਸਰ ਜਸਰਿਤੂ ਕੌਰ, ਇੰਜ:ਕਰਮਪ੍ਰੀਤ ਸਿੰਘ ਜੇਈ ਡਰੇਨਜ਼ ਵਿਭਾਗ, ਐਸ.ਡੀ.ਐਮ. ਦਫਤਰ ਤੋਂ ਅਮਰਜੀਤ ਸਿੰਘ ਆਦਿ ਵੀ ਹਾਜ਼ਰ ਸਨ।

# ਦੀਵਾਨੇ ਖਾਟੂ ਵਾਲੇ ਕੇ ਸੇਵਾ ਸੰਘ ਨੇ ਖਾਟੂ ਸ਼ਿਆਮ ਜੀ ਦਾ ਸੰਕੀਰਤਨ ਕਰਵਾਇਆ



ਤਪਾ ਮੰਡੀ-ਦੀਵਾਨੇ ਖਾਟੂ ਵਾਲੇ ਕੇ ਸੇਵਾ ਸੰਘ ਵੱਲੋਂ ਇਕਾਦਸ਼ੀ ਦੇ ਸੁਭ ਦਿਹਾੜੇ ਨੂੰ ਮੁੱਖ ਰੱਖਦਿਆਂ ਸ਼੍ਰੀ ਖਾਟੂ ਸ਼ਿਆਮ ਜੀ ਦਾ ਸੰਕੀਰਤਨ ਪ੍ਰਾਚੀਨ ਸਰਾਂ ਮੰਦਰ ਵਿਖੇ ਕਰਵਾਇਆ ਗਿਆ। ਇਸ ਮੌਕੇ ਪੰਡਿਤ ਅਨਿਲ ਸ਼ਰਮਾ ਨੇ ਧਾਰਮਿਕ ਰੀਤੀ ਰਿਵਾਜਾਂ ਅਨੁਸਾਰ ਮੰਤਰਾਂ ਦਾ ਉਚਾਰਨ ਕਰਕੇ ਪੂਜਣ ਦੀ ਰਸਮ ਕਮਲ ਗੋਇਲ ਤੋਂ ਸਮੇਤ ਪਰਿਵਾਰ ਅਦਾ ਕਰਵਾਈ। ਸੰਕੀਰਤਨ ਮੌਕੇ ਪ੍ਰਸਿੱਧ ਭਜਨ ਗਾਇਕ ਹੈਪੀ ਸੋਹਲ ਬਰਨਾਲਾ ਵਾਲਿਆਂ ਨੇ ਖਾਟੂ ਸ਼ਿਆਮ ਜੀ ਦੇ ਭਜਨਾਂ ਦਾ ਗੁਣਗਾਨ ਕਰਕੇ ਸੰਗਤ ਨੂੰ ਝੂੰਮਣ ਲਈ ਮਜਬੂਰ ਕਰ ਦਿੱਤਾ। ਇਸ ਧਾਰਮਿਕ ਸਮਾਗਮ ਮੌਕੇ ਸਮੂਹ ਮੰਡੀ ਨਿਵਾਸੀਆਂ ਨੇ ਵੱਡੀ ਗਿਣਤੀ ਚ ਸ਼ਿਰਕਤ ਕਰਕੇ ਭਗਵਾਨ ਖਾਟੂ ਜੀ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਸੰਘ ਦੇ ਸਮੂਹ ਮੈਂਬਰਾਂ ਨੇ ਆਏ ਪਤਵੰਤਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਬਸੰਤ ਲਾਲ ਬਾਂਸਲ,ਕਮਲ ਗੋਇਲ,ਅਰੁਣ ਗੋਇਲ,ਕਮਲ ਬਾਂਸਲ,ਅਸ਼ਵਨੀ ਕੁਮਾਰ ਬਹਾਵਲਪੁਰੀਆ,ਸ਼ਿਵਮ ਬਾਂਸਲ, ਲਵਲੀ ਕੁਮਾਰ, ਸਾਬਕਾ ਕੌਂਸਲਰ ਗੁਰਮੀਤ ਸਿੰਘ ਰੋੜ,ਸੰਦੀਪ ਭੈਣੀ, ਉਮੇਸ਼ ਕੁਮਾਰ ਟਿੰਕੂ, ਅੰਕਿਤ ਕੁਮਾਰ, ਸਾਬਕਾ ਕੌਂਸਲਰ ਗੁਰਮੀਤ ਰੋੜ,ਐਡਵੋਕੇਟ ਦੀਪਕ ਬਾਂਸਲ, ਮਨੀਸ਼ ਬਹਾਵਲਪੁਰੀਆ, ਸੰਦੀਪ ਕੁਮਾਰ ਵਿੱਕੀ, ਅਸ਼ੋਕ ਸ਼ਹਿਣਾ, ਰਜਿੰਦਰ ਬਾਂਸਲ, ਸੰਜੀਵ ਮੌੜ, ਲਾਲੀ ਧੂਰਕੋਟੀਆ, ਭਾਰਤ ਭੂਸ਼ਣ, ਦੀਪਕ ਕੁਮਾਰ ਆਦਿ ਵੱਡੀ ਗਿਣਤੀ ਚ ਸ਼ਰਧਾਲੂ ਮੌਜੂਦ ਸਨ।

# ਡਿਪਟੀ ਕਮਿਸ਼ਨਰ ਵੱਲੋਂ ਨਾਗਰਿਕਾਂ ਨੂੰ ਸੰਜਮ ਨਾਲ ਖ਼ਰੀਦਦਾਰੀ ਕਰਨ ਦੀ ਅਪੀਲ

ਜਲੰਧਰ, ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਨਾਗਰਿਕਾਂ ਨੂੰ ਸੰਜਮ ਨਾਲ ਅਤੇ ਸੋਚ-ਵਿਚਾਰ ਕੇ ਖ਼ਰੀਦਦਾਰੀ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਘਬਰਾਹਟ ਵਿੱਚ ਆ ਕੇ ਧੜਾਧੜ ਖ਼ਰੀਦਦਾਰੀ ਨਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਮੁਤਾਬਕ ਕਿਸੇ ਵੀ ਤਰ੍ਹਾਂ ਦੇ ਐਮਰਜੈਂਸੀ ਹਾਲਾਤ ਦਾ ਸਾਹਮਣਾ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਲੋਕਾਂ ਦੇ ਨਾਲ ਖੜ੍ਹਾ ਹੈ।

ਡਾ. ਅਗਰਵਾਲ ਨੇ ਕਿਹਾ ਕਿ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਡਰਨ ਜਾਂ ਘਬਰਾਉਣ ਦੀ ਲੋੜ ਨਹੀਂ ਹੈ। ਉਨ੍ਹਾਂ ਕਿਹਾ ਕਿ ਐਮਰਜੈਂਸੀ ਹਾਲਾਤ ਦੌਰਾਨ ਪੰਜਾਬ ਸਰਕਾਰ ਵੱਲੋਂ ਜਨਤਾ ਨੂੰ ਹਰ ਪ੍ਰਕਾਰ ਦੀ ਸਹਾਇਤਾ ਤੇ ਸਹਿਯੋਗ ਮੁਹੱਈਆ ਕਰਵਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਜਲੰਧਰ ਪ੍ਰਸ਼ਾਸਨ ਕਿਸੇ ਵੀ ਤਰ੍ਹਾਂ ਦੇ ਹੰਗਾਮੀ ਹਾਲਾਤ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹੈ।

ਡਿਪਟੀ ਕਮਿਸ਼ਨਰ ਨੇ ਸਪੱਸ਼ਟ ਕੀਤਾ ਕਿ ਜ਼ਰੂਰੀ ਵਸਤਾਂ ਸਮੇਤ ਕਿਸੇ ਵੀ ਚੀਜ਼ ਦੀ ਜਮ੍ਹਾਖੋਰੀ ਬਿਲਕੁੱਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜੇਕਰ ਕੋਈ ਵਿਅਕਤੀ ਜਮ੍ਹਾਖੋਰੀ ਜਾਂ ਕਾਲਾਬਾਜ਼ਾਰੀ ਕਰਦਾ ਪਾਇਆ ਗਿਆ, ਤਾਂ ਉਸ ਖਿਲਾਫ਼ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਨ੍ਹਾਂ ਡੀ.ਐਫ.ਐਸ.ਸੀ. ਨੂੰ ਜਮ੍ਹਾਖੋਰੀ 'ਤੇ ਸਖ਼ਤ ਨਿਗਰਾਨੀ ਰੱਖਣ ਅਤੇ ਗਲਤ ਇਰਾਦੇ ਨਾਲ ਥੋਕ ਵਿੱਚ ਖ਼ਰੀਦਦਾਰੀ ਕਰਨ ਵਾਲਿਆਂ ਦੀ ਸੂਚੀ ਤਿਆਰ ਕਰਕੇ ਪ੍ਰਸ਼ਾਸਨ ਨਾਲ ਸਾਂਝੀ ਕਰਨ ਦੇ ਨਿਰਦੇਸ਼ ਵੀ ਦਿੱਤੇ।

ਇਸਦੇ ਨਾਲ ਹੀ, ਡਿਪਟੀ ਕਮਿਸ਼ਨਰ ਨੇ ਨਾਗਰਿਕਾਂ ਨੂੰ ਭਵਿੱਖ ਵਿੱਚ ਹੋਣ ਵਾਲੀ ਮੌਕ ਡਰਿੱਲ ਦੀ ਪੂਰੀ ਗੰਭੀਰਤਾ ਨਾਲ ਪਾਲਣਾ ਕਰਨ ਦੀ ਅਪੀਲ ਵੀ ਕੀਤੀ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਮੌਕ ਡਰਿੱਲ ਘੱਟ ਸਮੇਂ ਲਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਬਲੈਕ ਆਊਟ ਡਰਿੱਲ ਦੌਰਾਨ ਲਾਈਟ ਬੰਦ ਕਰ ਦਿੱਤੀ ਜਾਵੇਗੀ ਅਤੇ ਟ੍ਰੈਫਿਕ ਲਾਈਟਾਂ ਵੀ ਬੰਦ ਰਹਿਣਗੀਆਂ। ਉਨ੍ਹਾਂ ਅਪੀਲ ਕੀਤੀ ਕਿ ਇਸ ਦੌਰਾਨ ਆਪਣੇ ਘਰਾਂ ਵਿੱਚ ਇਨਵਰਟਰ ਜਾਂ ਜਨਰੇਟਰ ਬੰਦ ਰੱਖੇ ਜਾਣ। ਜੇਕਰ ਕਿਸੇ ਵਜ੍ਹਾ ਕਾਰਨ ਇਹ ਚਲਾਉਣੇ ਵੀ ਹਨ ਤਾਂ ਇਸ ਤਰ੍ਹਾਂ ਚਲਾਏ ਜਾਣ ਕਿ ਰੌਸ਼ਨੀ ਖਿੜਕੀਆਂ ਦਰਵਾਜ਼ਿਆਂ ਵਿੱਚੋਂ ਬਾਹਰ ਨਾ ਜਾਵੇ। ਉਨ੍ਹਾਂ ਕਿਹਾ ਕਿ ਇਸ ਦੌਰਾਨ ਵਾਹਨਾਂ 'ਤੇ ਗੈਰ-ਜ਼ਰੂਰੀ ਸਫ਼ਰ ਤੋਂ ਗੁਰੇਜ਼ ਕੀਤਾ ਜਾਵੇ ਅਤੇ ਜੇਕਰ ਕੋਈ ਵਾਹਨ ਸੜਕ 'ਤੇ ਜਾ ਰਿਹਾ ਹੈ ਤਾਂ ਉਸਦੀਆਂ ਲਾਈਟਾਂ ਬੰਦ ਕਰਕੇ ਉਸ ਨੂੰ ਸੜਕ ਦੇ ਕਿਨਾਰੇ ਰੋਕ ਲਿਆ ਜਾਵੇ।

ਲੋਕ ਬਾਣੀ

ਡਾ. ਅਗਰਵਾਲ ਨੇ ਕਿਹਾ ਕਿ ਜੇਕਰ ਬਿਨਾਂ ਮੌਕ ਡਰਿੱਲ ਦੀ ਅਨਾਊਂਸਮੈਂਟ ਤੋਂ ਵੀ ਸਾਇਰਨ ਦੀ ਆਵਾਜ਼ ਸੁਣਾਈ ਦਿੰਦੀ ਹੈ ਤਾਂ ਤੁਰੰਤ ਮੌਕ ਡਰਿੱਲ ਦੌਰਾਨ ਕੀਤੇ ਅਭਿਆਸ ਨੂੰ ਅਮਲ ਵਿੱਚ ਲਿਆਂਦਾ ਜਾਵੇ।

ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਵਾਸੀਆਂ ਨੂੰ ਅਫ਼ਵਾਹਾਂ ਤੋਂ ਬਚਣ ਦੀ ਸਲਾਹ ਦਿੰਦਿਆਂ ਕਿਹਾ ਕਿ ਸਰਕਾਰ ਵੱਲੋਂ ਸਮੇਂ-ਸਮੇਂ 'ਤੇ ਲੋਕ ਹਿੱਤ ਵਿੱਚ ਜਾਰੀ ਐਡਵਾਈਜ਼ਰੀ ਦੀ ਇੰਨ-



ਬਿੰਨ ਪਾਲਣਾ ਯਕੀਨੀ ਬਣਾਈ ਜਾਵੇ। ਉਨ੍ਹਾਂ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਕੋਈ ਸ਼ਰਾਰਤੀ ਅਨਸਰ ਅਫ਼ਵਾਹ ਫੈਲਾਉਂਦਾ ਪਾਇਆ ਗਿਆ, ਤਾਂ ਉਸ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਓਧਰ, ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀਆਂ ਹਦਾਇਤਾਂ 'ਤੇ ਡੀ.ਐਫ. ਐਸ.ਸੀ. ਨਰਿੰਦਰ ਸਿੰਘ ਵੱਲੋਂ ਡੀ. ਮਾਰਟ ਸਮੇਤ ਵੱਖ-ਵੱਖ ਸਟੋਰਾਂ ਦਾ ਦੌਰਾ ਕੀਤਾ ਗਿਆ। ਉਨ੍ਹਾਂ ਪ੍ਰਬੰਧਕਾਂ ਨੂੰ ਵਿਅਕਤੀਗਤ ਲੋਕਾਂ ਨੂੰ ਥੋਕ ਵਿੱਚ ਸਾਮਾਨ ਨਾ ਵੇਚਣ ਅਤੇ ਗਾਹਕਾਂ ਨੂੰ ਵੀ ਬਿਨਾਂ ਲੋੜ ਤੋਂ ਥੋਕ ਵਿੱਚ ਖ਼ਰੀਦਦਾਰੀ ਨਾ ਕਰਨ ਲਈ ਪ੍ਰੇਰਿਤ ਕਰਨ ਲਈ ਕਿਹਾ। ਡੀ.ਐਫ.ਐਸ.ਸੀ. ਨੇ ਦੱਸਿਆ ਕਿ ਸਟੋਰ ਵਿੱਚ ਨਿਯਮਿਤ ਤੌਰ 'ਤੇ ਘੋਸ਼ਣਾਵਾਂ ਵੀ ਕਰਵਾਈਆਂ ਜਾ ਰਹੀਆਂ ਹਨ ਕਿ ਨਿਯਮਿਤ ਲੋੜ ਮੁਤਾਬਕ ਹੀ ਸਾਮਾਨ ਖਰੀਦਿਆ ਜਾਵੇ।

# ਸੜਕਾਂ ਤੇ ਖਿੱਲਰੇ ਕਣਕ ਦੇ ਸਿੱਟੇ ਬਣਦੇ ਨੇ ਹਾਦਸਿਆਂ ਦਾ ਕਾਰਨ



ਤਪਾ ਮੰਡੀ,-ਅੱਜ ਕੱਲ੍ਹ ਇਲਾਕੇ ਦੀਆਂ ਲਗਭਗ ਸਾਰੀਆਂ ਸੜਕਾਂ ਹੀ ਹਾਦਸਿਆਂ ਦਾ ਕਾਰਨ ਬਣ ਰਹੀਆਂ ਹਨ, ਕਿਉਂਕਿ ਹਰ ਪਾਸੇ ਸੜਕਾਂ ਤੇ ਗਰੀਬ ਅਤੇ ਲੋੜਵੰਦ ਪਰਿਵਾਰਾਂ ਵਲੋਂ ਖੇਤਾਂ ਚੋਂ ਕਣਕ ਦੀ ਕਟਾਈ ਤੋਂ ਬਾਅਦ ਖੇਤਾਂ ਵਿਚ ਕਟਾਈ ਤੋਂ ਬਾਕੀ ਬਚੀਆਂ ਅਤੇ ਆਸੇ ਪਾਸੇ ਡਿੱਗੀਆਂ ਕਣਕ ਦੀਆਂ ਬੱਲੀਆਂ ਵਿਚੋਂ ਦਾਣੇ ਕੱਢਣ ਲਈ ਸੜਕਾਂ ਤੇ ਖਿਲਾਰ ਦਿੱਤਾ ਜਾਂਦਾ ਹੈ। ਭਾਵੇਂ ਅਜਿਹਾ ਕਰਨਾ ਇਨ੍ਹਾਂ ਪਰਿਵਾਰਾਂ
ਵਲੋਂ ਆਪਣੀ ਮਜਬੂਰੀ ਦੱਸਿਆ ਗਿਆ ਪਰ ਕਈ ਵਾਰ ਇਨ੍ਹਾਂ ਸਿੱਟਿਆਂ ਚੋਂ ਨਿਕਲੇ ਦਾਣਿਆਂ ਕਾਰਨ ਦੋ ਪਹੀਆ ਵਾਹਨ ਸਕੂਟਰ, ਮੋਟਰਸਾਈਕਲ ਆਦਿ ਸਲਿਪ ਹੋਣ ਕਰ ਕੇ ਹਾਦਸਾ ਵਾਪਰਨ ਕਾਰਨ ਰਾਹਗੀਰਾਂ ਦੇ ਸੱਟਾਂ ਵੀ ਲੱਗ ਜਾਂਦੀਆਂ ਹਨ। ਇਸ ਤੋਂ ਇਲਾਵਾ ਸੜਕ ਤੇ ਇਨ੍ਹਾਂ ਸਿੱਟਿਆਂ ਉੱਪਰੋਂ ਵੱਡੇ ਵਾਹਨ ਲੰਘਣ ਅਤੇ ਸੜਕ ਕੰਢੇ ਕਣਕ ਤੂੜੀ ਤੋਂ ਅਲੱਗ ਕਰਨ ਲਈ ਖੁੱਲ੍ਹੀ ਹਵਾ ਵਿਚ ਉਡਾਉਣ ਕਾਰਨ ਛੋਟੇ ਵਾਹਨ ਚਾਲਕਾਂ ਅਤੇ ਪੈਦਲ ਰਾਹਗੀਰਾਂ ਦੀਆਂ ਅੱਖਾਂ ਵਿਚ ਉੱਡ ਕੇ ਕਈ ਵਾਰੀ ਤੂੜੀ ਦੇ ਕਣ ਵੀ ਪੈ ਜਾਂਦੇ ਹਨ ਜੋ ਕਿਸੇ ਸਮੇਂ ਵੀ ਵੱਡੇ ਹਾਦਸੇ ਦਾ ਕਾਰਨ ਬਣ ਜਾਂਦੇ ਹਨ। ਇਸ ਲਈ ਪ੍ਰਸ਼ਾਸਨ ਨੂੰ ਰਾਹਗੀਰਾਂ ਦੀ ਸਮੱਸਿਆ ਵੱਲ ਧਿਆਨ ਦੇ ਕੇ ਅਜਿਹੇ ਲੋਕਾਂ ਨੂੰ ਸਮਝਾ ਕੇ ਅਜਿਹਾ ਕਰਨ ਤੋਂ ਰੋਕਣਾ ਚਾਹੀਦਾ ਹੈ।